BILINGUAL ENGLISH & PUNJABI BI-WEEKLY

Punjabi Patrika
ਪੰਜਾਬੀ ਪੱਤ੍ਰਿਕਾ

FREE COPY
August 12-25, 1998
Vol. 2
No. 23

1481 Tracey Road, Abbotsford, B.C. V2T 6G4 • Tel: 852-2288 • Fax 852-1878

LOCAL GIRL ACHIEVES LIFELONG DREAM

- Rajinder Gill

Local Girl achieves life long dream –*Dr Rajinder Gill,* who was born at the MSA Hospital in Abbotsford, graduated from Abbotsford Senior Secondary in 1989. In 1993 Rajinder graduated with a biology degree from U.B.C. This May, Rajinder became a doctor from the New England College of Optometry in Boston. A very determined and hard working young lady, she made no bones about the fact that she wanted to become an eye doctor at a very early age. She received strong support from her parents and family and now that she has fulfilled her dreams, she wants to practice in this area so that she can serve the very community she grew up in.

ਅੰਦਰ ਪੜ੍ਹੋ:

* *Practicing Sikh Faith - pg. 2*
* ਕੈਨੇਡਾ ਦਾ ਚਹੇਤਾ ਅੰਕ ਸਾਤਾ - ਸਫਾ 7
* *Bollywood Duniya - pg.26*

WE CALL SIDHU AND DEOL FOR ALL OF OUR INSURANCE NEEDS!

Your Insurance broker Understands

We can make Auto Insurance buying easy - in 12 easy small payments with Autoplan 12

Harj Deol, B.M.A.

Charan Sidhu, CAIB

852-2565

ਇਥੇ ਆਪਣੀਆਂ ਇਨਸ਼ੋਰੈਂਸ਼ ਪਾਲੀਸੀਆਂ ਰੀਨੀਊ ਕਰਵਾ ਸਕਦੇ ਹੋ
* ਕਾਰਾਂ ਦਾ ਬੀਮਾਂ * ਵਪਾਰਕ * ਫਾਰਮ
* ਘਰਾਂ ਦਾ ਇਨਸ਼ੋਰੈਂਸ * ਜੀਵਨ ਬੀਮਾ
* ਮੈਡੀਕਲ (ਨਵੇਂ ਇਮੀਗਰੈਂਟਾਂ ਲਈ)

CHARLESWORTH INSURANCE
1A - 32465 SOUTH FRASER WAY
ABBOTSFORD, B.C. (Near Canada Trust)

CITY PIZZA

2 FOR 1

ANY 2 LARGE PIZZAS UP TO 6 TOPPINGS
$19.99
plus 2 litre Coke **FREE**
Delivery **FREE**

PH: 850-1035
110 - 32883 S. Fraser way, Abbotsford, B.C.
(Across from Sevenoaks Mall)

ਡਿਸਕਾਊਂਟ ਪਾਰਟੀ ਰੈਂਟਲ

ਸਾਡੇ ਕੋਲ 500 ਬੰਦਿਆਂ ਦੀ ਪਾਰਟੀ ਦਾ ਪੂਰ ਪ੍ਰਬੰਧ ਹੈ

ਤੁਹਾਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਹੁਣ ਤੁਸੀਂ ਵਿਆਹ ਸ਼ਾਦੀਆਂ, ਜਨਮ ਦਿਨ, ਲੇਡੀਜ਼ ਸੰਗੀਤ, ਅਖੰਡਪਾਠ ਅਤੇ ਹਰ ਤਰਾਂ ਦੀਆਂ ਪਾਰਟੀਆਂ ਲਈ ਮੇਜ਼ ਕੁਰਸੀਆਂ, ਭਾਂਡੇ, ਸਪੀਕਰ ਅਤੇ ਡੈਕੋਰੇਸ਼ਨ ਦੇ ਸਮਾਨ ਤੋਂ ਇਲਾਵਾ ਪਰੈਸ਼ਰ ਵਾਸ਼, ਰੱਥ ਧੋਣ ਵਾਲੀਆਂ ਮਸ਼ੀਨਾਂ ਬਹੁਤ ਹੀ ਵਾਜਿਬ ਰੇਟ ਤੇ ਰੈਂਟ ਤੇ ਲੈ ਸਕਦੇ ਹੋ। ਹਰ ਇਕੱ ਸਾਈਜ਼ ਦੇ ਟੈਂਟ ਲਓ।

ਸਮਾਨ ਡਲਿਵਰ ਕਰਨ ਅਤੇ ਟੈਂਟ ਲਾਉਣ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ: ਜਗਸੀਰ ਮਾਹਲ
ਟੈਂਟ 850-1118 ਟੈਂਟ

Nahar Mahal

Jagsir Mahal

IF YOU ARE LOOKING FOR AN HONEST & HARDWORKING REALTOR, CALL AFSANEH!

REALTYWORLD Abbotsford

FOR FREE MARKET EVALUATION CALL NOW!
859-7636

• Home based business on 1/2 acre property across Aldergrove Safeway. Re-zoning potential.
• McMillan area house with lots of extras. Going for only $214,900

SAXBEE INSURANCE AGENCIES LTD.

Sukhi Gill C.A.I.B.

Your Insurance broker Understands.

201 - 32641 South Fraser Way, Abbotsford, B.C. VrT 1X9
Serving the Indo-Canadian Community For Over 25 Years
Quality Coverage, Low Rates and Best Service
• **Home Insurance** • **Construction Insurance** • **Auto Insurance**
• **Business Insurance** • **Mortgage Insurance** • **Farm Insurance**
For Honest and Reliable Service call Sukhi Gill or Raj Gill - Mon. to Sat. - 8:30 am to 6:00 pm
Bus: 853-5951 • Pager: 857-7261 • Res: 855-5354

Raj Gill C.A.I.B.

ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਵਿਖੇ ਦੋ ਗੁਰਮੱਤਿ ਕੈਂਪ

ਦਲੀਪ ਸਿੰਘ ਗਿਲ
ਪ੍ਰਿੰਸੀਪਲ ਪੰਜਾਬੀ ਸਕੂਲ, ਐਬਟਸਫੋਰਡ

ਗੁਰਮੁੱਖ ਪਿਆਰਿਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਆਪ ਸੱਭ ਨੂੰ ਸੂਚਨਾ ਦਿਤੀ ਜਾਂਦੀ ਹੈ, ਕਿ ਦਸ਼ਮੇਸ਼ ਪੰਜਾਬੀ ਸਕੂਲ ਐਬਟਸਫੋਰਡ ਵਲੋਂ ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਅਤੇ ਕਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੁਸਾਇਟੀ ਵੈਨਕੂਵਰ ਦੇ ਸਹਿਯੋਗ ਨਾਲ ਦੋ ਗੁਰਮਤਿ ਕੈਂਪ ਅਯੋਜਤ ਕੀਤੇ ਗਏ ਹਨ। ਇਹ ਗੁਰਮਤਿ ਕੈਂਪ ਐਬਟਸਫੋਰਡ ਗੁਰੂ ਘਰ ਅਤੇ ਦਸ਼ਮੇਸ਼ ਪੰਜਾਬੀ ਸਕੂਲ ਵਿਖੇ ਲਾਏ ਜਾ ਰਹੇ ਹਨ।

ਛੋਟੇ ਬੱਚਿਆਂ ਲਈ ਮਿਤੀ 16 ਅਗਸਤ ਤੋਂ 21 ਅਗਸਤ ਤੱਕ ਇਹ ਗੁਰਮਤਿ ਕੈਂਪ ਲਗੇਗਾ। ਛੋਟੇ ਬਚਿਆਂ (5-8) ਸਲਾ ਲਈ ਸਮਾਂ ਸਵੇਰੇ 8:30 ਤੋਂ 12:30 ਹੋਵੇਗਾ। ਵੱਡੇ ਬੱਚਿਆਂ ਲਈ ਇਹ ਕੈਂਪ 23 ਅਗਸਤ ਤੋਂ 29 ਅਗਸਤ 98 ਤੱਕ ਹੋਵੇਗਾ। ਵੱਡੇ ਬਚਿਆਂ ਲਈ ਡੇਕੈਂਪ ਦਾ ਸਮਾਂ ਸਵੇਰੇ 8:30 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਇਆ ਕਰੇਗਾ। ਇਸ ਵਿਚ ਸਿੱਖ ਇਤਿਹਾਸ, ਸਿੱਖ ਫਲਾਸਫੀ, ਪਾਠ ਸ਼ਬਦ ਕੀਰਤਨ ਅਤੇ ਪੰਜਾਬੀ ਦੀ ਸਿਖਿਆ ਦਿਤੀ ਜਾਵੇਗੀ। ਮੁੱਖ ਬੁਲਾਰੇ ਡਾਕਟਰ ਗੁਰਬਖਸ਼ ਸਿੰਘ ਸਾਬਕਾ ਡੀਨ ਐਗਰੀਕਲਚਰ ਯੂਨੀਵਰਸਟੀ ਲੁਧਿਆਣਾ ਹੋਣਗੇ, ਜਿਨਾਂ ਦੇ ਲੈਕਚਰ ਸਾਰੀ ਉਮਰ ਦੇ ਬੱਚਿਆਂ ਲਈ ਵੱਡਿਆਂ ਲਈ ਬਹੁਤ ਲਾਭ ਦਾਇਕ ਅਤੇ ਪ੍ਰਭਾਵ ਸ਼ਾਲੀ ਹੁੰਦੇ ਹਨ। ਇਸ ਤੋਂ ਛੁੱਟ ਸੀਨੀਅਰ ਵਿਦਵਾਨ ਅਤੇ ਨੌਜਵਾਨ ਬੁਲਾਰੇ ਭਾਗ ਲੈਣਗੇ। ਵੱਡੇ ਬਚਿਆਂ ਦੀਆਂ ਖੇਡਾਂ ਅਤੇ ਫੀਲਡ ਟਰਿਪ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਬਚਿਆਂ ਲਈ ਆਪਣੀ ਸਭਿਅਤਾ, ਮਾਂ ਬੋਲੀ ਪੰਜਾਬੀ ਨਾਲ ਜੋੜੀ ਰਖਣ ਲਈ ਅਜੇਹੇ ਅਵਸਰ ਤੋਂ ਲਾਭ ਲੈਣਾ ਅਤੀ ਜਰੂਰੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਟੀ ਦੇ ਵਿਦਿਆਰਥੀਆਂ ਨੂੰ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਂਦੀ ਹੈ। ਕਿਸੇ ਪ੍ਰਕਾਰ ਦੀ ਜਾਣਕਾਰੀ ਲਈ ਦਸ਼ਮੇਸ਼ ਪੰਜਾਬੀ ਸਕੂਲ ਦੇ ਫੂਨ (852-8986) ਜਾਂ ਗੁਰਮਤਿ ਕੈਂਪ ਕੋਆਰਡੀਨੇਟਰ ਗੁਰਦੇਵ ਸਿੰਘ ਧਾਲੀਵਾਲ (864-6002) ਤੇ ਸੰਪਰਕ ਕਰ ਸਕਦੇ ਹੋ। ਵਡਿਆਂ ਬੱਚਿਆਂ ਲਈ ਉਮਰ 9-20 ਸਾਲ ਹੋਵੇਗੀ। ਰਜਿਸਟਰੇਸ਼ਨ 16 ਅਗਸਤ ਤੱਕ ਜਰੂਰੀ ਹੈ।

PRACTICING SIKH FAITH - SIKH IDENTITY

Ist of 5 Part Series



(Prof. Gurmit Singh Tiwana)

Born to sikh parents is a Sikh, is a Sikh, is a Sikh - Down with Brahmanism "Ignorance is the curse of God, Knowledge is the Wing Wherewith we fly to Heaven." - Shakespeare

For centuries to come, you guys of Indian or Sikh parentage will continue to be differentiated and discriminated on account of your colour, race, religion, or country of origin. Take for granted, you will be brown people from India. Hindoos and/or Pakees - first and last. You may change your names, your customs, traditions, ritual, songs, dance, drama, dress and behavior patterns. You would neither be caucasions, nor ever treated as such. Your facial features, your colour, your accent will always betray your race, religion and country of origin. May be we claim to live in a multi-cultural society. It is for name sake only. When the country would face hard economic crisis and it would loom large much more than at present, you would find yourself standing aloof, differentiated and discriminated whatever be your education and skills. Even now you can't deny the under current of discrimination in lucrative and white collar jobs. Take the case of Blacks. They were converted to Christianity, speak English language have adopted their culture in total. But are they treated at par inspite of all the uproar of equality? So my question is why not to preserve your IDENTITY. Being a visible minority, you are easily distinguishable because of your facial features, your colour and accent. Now even from your dress (the baptised ones - a phe-

cont. page 3

ਟਰੱਕਾਂ ਵਾਲੇ ਭਰਾਵਾਂ ਦਾ ਆਪਣਾ ਡਰਾਈਵਿੰਗ ਸਕੂਲ

ਸਨਸ਼ਾਇਨ ਪ੍ਰੌਫੈਸ਼ਨਲ ਡਰਾਈਵਿੰਗ ਸਕੂਲ

ਅਸੀਂ ਕਲਾਸ 1, 2, 3, 4, ਦਾ ਰੋਡ ਟੈਸਟ ਸਕੂਲ ਵਿਚ ਹੀ ਕਰਦੇ ਹਾਂ

ਸਾਡੇ ਇਨਸਟਰਕਟਰਾਂ ਦਾ ਕੈਨੇਡਾ ਵਿਚ ਟਰੱਕ ਚਲਾਉਣ ਦਾ 20 ਸਾਲਾਂ ਤੋਂ ਜ਼ਿਆਦਾ ਤਜਰਬਾ ਹੈ

ਏਅਰ ਬਰੇਕ ਦਾ ਕੋਰਸ ਹਰ ਵੀਕਐਂਡ ਤੇ ਪੰਜਾਬੀ ਵਿਚ ਕਰਵਾਉਂਦੇ ਹਾਂ

ਅਸੀਂ ਡੀਫੌਂਸਿਵ ਡਰਾਈਵਿਗ ਦੇ ਕੋਰਸ ਵੀ ਕਰਵਾਉਂਦੇ ਹਾ

ਅਸੀਂ ਤੁਹਾਨੂੰ ਕੰਮ ਦੇ ਤਜਰਬੇ ਦਾ ਵੀ ਮੌਕਾ ਦਿੰਦੇ ਹਾਂ

* ਤੁਸੀਂ ਕਲਾਸ 1,2,3,4,5 ਅਤੇ ਏਅਰ ਬ੍ਰੇਕ ਦਾ ਲਰਨਰ ਜਾਂ ਪੱਕਾ ਲਾਇਸੈਂਸ ਲੈਣ ਲਈ ਸਾਡੇ ਨਾਲ ਸੰਪਰਖ ਪੈਦਾ ਕਰ ਸਕਦੇ ਹੋ।
* ਸਾਡੇ ਕੋਲ ਲੇਡੀ ਇਨਸਟਰਕਟਰਾਂ ਦੀ ਵੀ ਪ੍ਰਬੰਧ ਹੈ।
* ਤੁਹਾਡੀ ਸੇਫਟੀ ਲਈ ਕਾਰਾਂ ਦੇ ਦੂਹਰੇ ਸਟੇਅਰਿੰਗ ਅਤੇ ਬ੍ਰੇਕ ਹਨ।



ਕਮਲ ਜਵੰਦਾ
SURREY
TEL: (604) 501 - 0095
UNIT 201-13136-84TH AVE, SURREY

ਹੋਰ ਜਾਣਕਾਰੀ ਲਈ ਫੋਨ ਕਰੋ:
TOLL FREE : 1 - 888 - 501 - 0095

ਬੇਅੰਤ ਕੌਰ ਸਿਧੂ ABBOTSFORD
TEL :(604) 854-6360
(604) 807-2022

from page 2

nomenon which is not going to last more than 20 years). Your identity lies in your being from a different country (India) or continent (Asia) descendants of Aryan race, part and parcel of Indian culture with a different language and religion from that of North Americans. Let us have a look at our multi-cultural society. No race is ready to loose its identity. Germans, Italians, Chinese, Japanese and Spainards all want to exist differently. Why should we be changing our names, adding others customs to our customs as ours lacked something originally or were not sufficient enough to serve our purpose, and thereby making them all the more burdensome.

Friends, Mind it! This copying would lead you nowhere in the end. Though all the aspects of a different culture are important most important is your language, your mother tongue. Your Holy Scriptures are written in your mother tongue, so your religion is closely connected with the language you speak. Our Holy Guru Granth Sahib is a sacred reservoir of all that is the best in Indian Philosophy, its religious tradition and Aryan culture. The British divided us and ruled our country for more than two centuries. They left our country half a century ago but we still carry on that legacy. One may ask, for what purpose? Not for the Gurus or Gurbani but for our nasty self-interest. In your daily prayers you say, "Khuar hoe so milengae." You have witnessed "Operation Blue Star" You have seen "Black Thunder", you have gone through India-wide riots in 1984 with burning tyres round your necks. You made the Hindu racists do to you what Mughals could not. I ask you, how long are you going to lick the dust. In so doing, do you think you are going to serve the Gurus or Gurbani, our religion or our community? We have made a complete 'U' turn as far as the teachings of our Gurus are concerned. Our Guru says, "Maya Dhari Annah Bola" One given to money (greedy) is blind and deaf. We need SELF-INTROSPECTION. What is our aim and what are we fighting for? Are we not becoming a butt of ridicule. Perhaps your motto is, 'we don't care.' For God's sake, if you don't care for your honour or for the respect of your race and religion, do take care of the civilized behavior, because that will tell whether you exist on animal level or on human level. Caucasian lawyers are praying for our 'MAAT NIVIN MAAN UCHA' because our services of our religion have made them filthy rich, which they could never dream of. We live in a free, democratic country. How come we think, that under the garb of our true religiosity, we can steal, intimidate, abuse, harass and malign others who have different opinions than ours? Are we acting in a cultured democratic manner as an honourable community should be acting?

Our people, of course can have nick names just as Sukhi from Sukhwinder, but why Joe, Terry, Tracy, Jason, Bob, Malisa and Stepheny. Perhaps this way, you think you are on the way to become Goras (white men), or you may be doing it for their convenience. You need to study history as Cicero said, "Those who have no knowledge of what has gone before them must ever remain children." These 'goras' when they ruled our country, no British Deputy Commissioner or any other high ranking official could get his job without qualifying for some exams in Punjabi. Round about 1867, a Brahmin named Sharadha Ram of Phillaur (Jalandhar) was hired to write two books in Punjabi, "Sikhan de Raj Di Withya" and "Panjabi Baat-Cheet" as curriculum for British officers so that they could understand our culture, language and religion. Probably they can utter any Punjabi name with a bit different accent. The British, when they ruled our country, made to emigrate cheap Indian labour to Trinidad and Guyana to work at their sugar-cane estates. Those people came to stay there for good as we are in the process of doing so now. Most of them were from Maharashtra and Madhya Pradesh. They never thought of preserving their language and culture. They say they had no resources. So they very slowly and gradually got absorbed in the native culture but could never become one with those people. To date, they prefer to celebrate the marriages of their sons and daughters in the Indian families, be they Hindus, Sikhs or Muslims. In Toronto, I have heard them singing Bhajans in chorus. Their ears are tuned to the Bhajans of Ram, Krishan and Mira Bai but they don't understand the meaning of the songs. One lady wrote her name as 'Ceta Ram Khilawan Singh'. We had as our family Physician a Sikh-turned Christian lady doctor from Guyana who still loved to retain her last name as Singh though married to a Christian.

(To be continued in next issue)

ਐਕੂਰੇਟ ਆਟੋ ਬਾਡੀ ਤੇ ਪੇਂਟ ਲਿਮਿ.

Accurate Auto Body & Paint Ltd.

Unit #5 - 31088 Pardonville Road, Abbotsford, B.C.
PHONE (604) 850-5001

- ☐ ਪ੍ਰਾਈਵੇਟ ਅਤੇ I.C.B.C. ਕਲੇਮ
- ☐ ਫਰੀ ਪਿੰਨ ਸਟ੍ਰਾਈਪ ਤੇ ਗਰੈਵਲ ਗਾਰਡ
- ☐ ਫਰੀ ਪਿੱਕ ਅੱਪ ਤੇ ਡਲਿਵਰੀ ਸਰਵਿਸ
- ☐ ਉੱਤਮ ਕੁਆਲਿਟੀ ਬਾਡੀਵਰਕ ਤੇ ਪੇਂਟ
- ☐ ਕਾਰਾਂ ਦੇ ਸ਼ੀਸ਼ਿਆਂ ਦੀ ਅਦਲਾ ਬਦਲੀ

WE WILL BEAT ANY WRITTEN ESTIMATE

ਵਾਜਿਬ ਰੇਟ ਅਤੇ ਤਸੱਲੀਬਖਸ਼ ਕੰਮ ਲਈ ਫੋਨ ਕਰੋ:
ਪ੍ਰਿਥੀਪਾਲ ਸਿੰਘ ਖੰਗੂੜਾ
ਜਾਂ ਭੁਪਿੰਦਰ ਸਿੰਘ ਢਿੱਲੋਂ
850-5001

ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2165 Windsor St., Abbotsford, B.C. - Phone (604) 852-0420

Daljit Singh Sidhu *Certified Technician*
Tarlok Dhaliwal

FOR ALL YOUR AUTOMOTIVE NEEDS
(General Repairs)
• Tune Up • Brakes • Suspension Work • Engines & Transmissions • Computer Diagnosis • Oil Changes • Exhaust

AVS AUTO CENTRE

- Windshield Repairs •
- ICBC Claims •
- Interior Detailing •

ਪਾਵਰ ਪਾਲਿਸ਼ *
ਕਾਰ ਦੇ ਅੰਦਰ ਦੀ ਡੀਟੇਲਿੰਗ *
ਘਰ ਆਕੇ ਕੰਮ ਕਰਦੇ ਹਨ *

RAJ JOHAL - *Manager*
2165 Windsor St., Abbotsford, B.C. • V2T 6L8
Tel: (604) 852-0420 • Cel: (604) 807-3316

PUNJABI PATRIKA
1481 Tracey Street
Abbotsford, B.C. • V2T 6G4
Telephone: 852-2288

Editorial

School holidays are more than half-gone and there sure is no way we can complain about the weather – at least this time round. The berry season was also short lived and once again Mother Nature played havoc with the farmers. Prices are low and fruit quantity as well as quality not the best.

The Central Fraser Valley is going through bad times. Jobs are scarce and most of our backyard industries have slowed down or just packed up. Everyone blames it on the happenings in Asia. Why? Because we have become so dependant on the economic situation of our neighbours on all sides. Our dollar is taking a beating on the world markets and all those wishing to go south for a holiday are thinking otherwise. Just this morning we found out that we pay $1.55 for every American dollar. Got to be crazy to take a holiday in the states.

Our housing industry too is not faring well. There are some really fantastic buys all around and it looks as if it is going to stay this way for a while yet. It sure is a buyers' market. In the midst of our poor economy and the scarcity of jobs more and more people are starting to involve themselves with home – based ventures, which is a good sign.

There is still hope that the temple issue will be resolved soon now that the courts have appointed 3 members from both the two factions with a deciding vote coming from the President. Sure there is bound to be comments passed that they are not happy with the decision of the courts, but then what is new? It is in everybody's interest if we can settle this issue as soon as possible so that our lives can continue without too much botheration about such petty issues. This has affected our younger generation to a great extent and I for one am appalled to see the very unselfish attitude of some of our elders who would rather not even show one iota of concern for our children or anyone else – the very reverse of that which is what our religion is all about.

PUNJABI PATRIKA BUSINESS DIRECTORY is going to be out during the Christmas holidays and on the day we celebrate the birthday of our tenth guru, Guru Gobind Singh Ji. This is an informative directory of busineses in the Central Fraser Valley which consists of Pitt Meadows, Maple Ridge, Mission, Chilliwack, Yarrow, Abbotsford and Aldergrove. It will be bi-lingual (Punjabi & English) and we will distribute it in all the areas mentioned above. Call us for your FREE listing!!

RANJEET
WEDDING CARDS
AND WEDDING SUPPLIES



• Canadian Cards
• Indian Traditional Cards
• Cards for All Occasions

GUARANTEED LOWEST PRICES

• Oldest in Punjabi Market in Card Business •
• Wholesalers & Retailers •
Ph: (604) 325-4914
Ph: (604) 599-5081
6319 Main Street, Vancouver, B.C.
7335 - 128th Street, Surrey, B.C.
ONE DAY SERVICE

Summer Special!
Pentium 233 MMX System
Features:
- 32 Mb Ram
- 4.3 Gb Hard Drive
- 4Mb Video
- 56K Voice / Fax Modem
- 32X CD-ROM
- 15" Monitor

Receive a 5% rebate of your next vacation with every system purchase

For Only *$1099* or Lease from as low as *$38/month.* O.A.C.

Orbital Computing Solutions
Call us at (604) 576-6526
Or fax us at (604) 576-6926 for more info..

BOB'S REFRIGERATION
• Repairs • Service • Sale • Purchase • Trade
in all kinds of Fridges & Stoves
GURMAIL
(ELECTRICIAN)
ਹਰ ਪ੍ਰਕਾਰ ਦੇ ਫਰਿਜ ਅਤੇ ਸਟੋਵਾਂ ਦੀ ਮੁਰੰਮਤ
ਲਈ ਜਾਂ ਖ੍ਰੀਦਣ ਲਈ ਸਾਨੂੰ ਫੋਨ ਕਰੋ:--
PH: (604) 855-1569
Pgr. 504-1469
30686 Sandpiper Dr., Abbotsford, B.C.



ਸਾਡਾ ਭਵਿੱਖ

ਗੁਰਸੇਵਕ ਸਿੰਘ ਚਤਿੱਕ (ਮੋਗਾ)

ਇਸ ਵਿੱਚ ਕੋਈ ਅਤਕਥਨੀ ਨਹੀਂ ਹੈ ਕਿ "ਅੱਜ ਦੇ ਬੱਚੇ ਕੱਲ ਦਾ ਭਵਿੱਖ ਹਨ।"

ਭਵਿੱਖ ਤਾ ਮੁੱਖ ਰੂਪ ਵਿਚ ਆਉਣ ਵਾਲੇ ਸਮੇਂ ਦੀ ਫਿਲਮ ਹੈ, ਜਿਸ ਨੂੰ ਅਸੀਂ ਜਿਹੋ ਜਿਹੀ ਬਣਾ ਕੇ ਉਹਨਾਂ ਦੇ ਇਮਾਗ ਰੂਪੀ ਸਿਨਮਿਆਂ ਪਾ ਕੇ ਵੇਖਾਂਗੇ। ਭਵਿੱਖ ਇਕ ਤਰਾਂ ਦੀ ਉਹ ਬਿਲਡਿੰਗ ਜਿਸ ਨੂੰ ਉਮੀਦਾਂ ਦੇ ਚੰਗੇ ਸੀਮਿੰਟ ਤੇ ਸਮੇਂ ਦੀਆਂ ਇੱਟਾਂ ਨਾਲ ਸੋਹਣੇ ਰੂਪ ਵਿਚ ਉਸਰਿਆ ਵੇਖਦੇ ਹਾਂ।

ਸਾਡੀ ਅਸਲੀ ਖੇਤੀ ਤਾਂ ਸਾਡੇ ਬੱਚੇ ਹਨ। ਹਰ ਮਾਤਾ ਪਿਤਾ ਇਛਾਵਾਨ ਹੁੰਦਾ ਹੈ ਉਸ ਦੇ ਬੱਚੇ ਦੇ ਭਵਿੱਖ ਸੋਹਣੀ ਸੁੱਚਜੀ ਬਿਲਡਿੰਗ ਹੋਵੇ। ਜਿਸ ਨੂੰ ਜਿੰਦਗੀ ਗੁਜਾਰਨ ਦਾ ਵਧੀਆ ਸਲੀਕਾ ਆਉਂਦਾ ਹੋਵੇ। ਸਾਡਾ ਵਰਤਮਾਨ ਭਵਿੱਖ ਸਾਡੇ ਪਿਛਲੇ ਖਾਨਦਾਨਾਂ ਦੀ ਚੰਗੀ ਸੋਚ ਦਾ ਨਤੀਜਾ ਹੈ। ਹੁਣ ਤਾਂ ਸਾਡੀ ਜਿੰਮੇਵਾਰੀ ਹੈ ਆਉਣ ਵਾਲੇ ਭਵਿੱਖ ਦਾ ਫਿਕਰ ਸਾਨੂੰ ਹੋਵੇ।

ਜੇ ਅਸੀਂ ਚੰਗੇ ਭਵਿੱਖ ਲਈ ਵੱਧ ਤੋਂ ਵੱਧ ਡਾਲਰ ਕਮਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਾਂ ਤਾਂ ਕੁਝ ਚੰਗਾ ਕਰਨ ਕੁਰਬਾਨੀ ਅਤੇ ਤਿਆਗ, ਆਪਣਾ ਸੁੱਖ ਅਰਾਮ ਛੱਡਣਾ ਪੈਣਾ ਹੈ। ਸਾਡਾ ਸੁਨਹਿਰੀ ਭਵਿਖ ਹਨ ਸਾਡੇ ਬੱਚੇ। ਬੱਚੇ ਦੇ ਜਨਮ ਨਾਲ ਹੀ ਭਵਿੱਖ ਦੀ ਜਨਮਦਾ ਹੈ। ਬੱਚੇ ਨੂੰ ਪਿਆਰ ਦੇਣਾ ਬੱਚੇ ਦਾ ਹੱਕ ਤੇ ਸਾਡਾ ਫਰਜ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਉਸ ਨੂੰ ਗੱਲ ਇਹ ਹੈ ਕਿ ਅਸੀਂ ਉਸ ਨੂੰ ਪੂਰੀ ਇਮਾਨਦਾਰੀ ਨਾਲ ਦੇ ਰਹੇ ਹਾਂ। ਬੱਚੇ ਨੂੰ ਮਾਪਿਆਂ ਦੇ ਪਿਆਰ ਦਾ ਇਤਨਾ ਮਹੱਤਵ ਜਿੰਨਾ ਇਕ ਨਵਜਨਮੇ ਪੌਦੇ ਨੂੰ ਪਾਣੀ ਦਾ ਹੈ। ਬਿਨਾਂ ਖਾਦ ਪਾਣੀ ਦੇ ਚੰਗੀ ਸੁਧਰੀ ਕਿਸਮ ਦਾ ਬੀਜ ਪਾ ਕੇ ਵੀ ਸਿਹਤਮੰਦ ਪੌਦੇ ਦੇ ਚੰਗੇ ਭਵਿਖ ਦੀ ਉਮੀਦ ਕਰਨੀ ਵਿਅਰਥ ਹੈ। ਕੀ ਕਨੇਡਾ ਵਿਚ ਅਸੀਂ ਇਸ ਕਦਮ ਉਪਰ ਬੱਚੇ ਨਾਲ ਬੇਇਨਸਾਫੀ ਤਾਂ ਨਹੀਂ ਕਰ ਰਹੇ? ਮਾਤਾ ਪਿਤਾ ਦੇ ਕੰਮ ਕੀਤਿਆਂ ਘਰ ਦੀਆਂ ਕਿਸ਼ਤਾਂ ਅਤੇ ਹੋਰ ਕੰਮ ਅਸੰਭਵ ਹੈ? ਬੱਚੇ ਨੂੰ ਬੇਬੀ-ਸਿਟਰ ਦੇ ਛੜਨ ਤੋਂ ਬਿਨਾਂ ਹੋਰ ਕੋਈ ਰਸਤਾ ਵੀ ਨਹੀਂ। ਪਰ ਇਸ ਦਾ ਅਸਰ ਬੱਚੇ ਦੇ ਭਵਿੱਖ ਉਪਰ ਪੈਣਾ ਹੀ ਹੈ। ਮਾਤਾ ਦੇ ਪਿਆਰ ਦੀ ਇਕ ਪੁਚਕਾਰ ਉਸ ਦੇ ਜੀਵਨ ਦੀ ਕਾਇਆ ਪਲਟਦੀ ਹੈ। ਸਾਡਾ ਬਹੁਤ ਭਵਿੱਖ ਸਾਡੇ ਬੱਚੇ ਦੇ ਮੁੱਢਲੇ ਪਾਲਣ ਪੋਸਣ ਉਪਰ ਨਿਰਭਰ ਕਰਦਾ ਹੈ।

ਅਜਿਹੇ ਬਹੁਤ ਘਰ ਖੁਸ਼ਕਿਸਮਤ ਬੱਚੇ ਹੋਣਗੇ ਜਿੰਨਾਂ ਨੂੰ ਮਾਪਿਆਂ ਦਾ ਰੱਜਵਾਂ ਪਿਆਰ ਮਿਲਿਆ ਹੋਵੇਗਾ। ਮਾਪਿਆਂ ਦੀ ਦੇਖ ਰੇਖ ਵਿਚ ਜਿਸ ਬੱਚੇ ਦਾ ਬਚਪਨ ਵੱਡਾ ਹੁੰਦਾ ਹੈ ਉਸ ਦਾ ਮਾਨਸਿਕ ਵਿਕਾਸ ਬਹੁਤ ਜਿਆਦਾ ਚੰਗਾ ਹੁੰਦਾ ਹੈ। ਸਬਰ ਸਹਿਣ ਸ਼ੀਲਤਾ ਨਿਡਰਤਾ ਵਰਗੇ ਮਾਨਵੀਂ ਗੁਣ ਉਸ ਵਿਚ ਉਜਾਗਰ ਹੁੰਦੇ ਹਨ।

ਅਗਲਾ ਮਹੱਤਵਪੂਰਨ ਆਰੰਭ ਬੱਚੇ ਦੀ ਸਕੂਲ ਦੀ ਜਿੰਦਗੀ ਤੋਂ ਸ਼ੁਰੂ ਹੁੰਦਾ ਹੈ। ਜਿਸ ਵਿਚ ਬੱਚੇ ਨੇ ਜਿੰਦਗੀ ਦੀ ਪੜਾਈ ਦਾ ਹਰ ਪੱਖੋ ਸਿਖਣਾ ਹੁੰਦਾ ਹੈ। ਬੱਚੇ ਨੂੰ ਤਾਂ ਜਿਸ ਤਰਾਂ ਦਾ ਮਾਹੌਲ ਮਿਲਿਆ ਉਸ ਤਰਾਂ ਦੀ ਬੋਲੀ ਵਿੱਚ ਸਿੱਖ ਜਾਣਾ ਹੈ। ਇਹ ਖਿਆਲ ਤਾਂ ਅਸੀਂ ਰਖਣਾ ਹੈ ਅਸੀਂ ਆਪ ਠੀਕ ਮਾਂ-ਬੋਲੀ ਦੀ ਵਰਤੋਂ ਕਰ ਰਹੇ ਹਾਂ। ਜੋ ਅਸੀਂ ਆਪਣੇ ਧਰਮ ਅਤੇ ਸਭਿਆਚਾਰ ਬਾਰੇ ਮਾਂ ਬੋਲੀ ਵਿਚ ਦਸ ਸਕਦੇ ਹਾਂ ਉਸ ਨੂੰ ਹੋਰ ਬੋਲੀ ਵਿਚ ਬਹੁਤਾ ਵਧੀਆ ਨਹੀਂ ਦਸ ਸਕਦੇ।

ਵਰਤਮਾਨ ਸਮੇਂ ਵਿਚ ਕਨੇਡਾ ਵਿਚ ਅਸੀਂ ਜਿੰਨਾਂ ਕੁ ਪਿਆਰ ਅਸੀਂ ਆਪਣੀ ਬੋਲੀ ਨਾਲ ਪਿਆਰ ਕਰਦੇ ਹਾਂ ਉਹ ਕਿਸੇ ਤੋਂ ਲੁਕਿਆ ਛਿਪਿਆ ਨਹੀਂ। ਬੋਲੀਆਂ ਹੋਰ ਕਿੰਨੀਆਂ ਮਰਜੀ ਸਿੱਖੋ ਆਪਣੀ ਮਾਂ ਬੋਲੀ ਨਾ ਭੁੱਲੋ। ਜਿਥੋਂ ਤਕ ਘਰ ਦੇ ਮਾਹੌਲ ਦੀ ਗੱਲ ਹੈ ਘਰੇ ਅੰਗਰੇਜ਼ੀ ਮਾਹੌਲ ਬਣਾਉਣਾ ਆਪਣੀ ਸ਼ਾਨ ਸਮਝਦੇ ਹਾਂ। ਪਛਮੀ ਮਾਹੌਲ ਦੇ ਆਦੀ ਦਿਲੋਂ ਹੋ ਗਏ ਹਾਂ। ਆਪਣੀ ਬੋਲੀ ਨੂੰ ਸਿਖਦਿਆਂ ਸ਼ਰਮ ਮਹਿਸੂਸ ਕਰਦੇ ਹਾਂ। ਇਥੋਂ ਤਕ ਕੋਈ ਬਿਲਕੁਲ ਮੁਫਤ ਪੰਜਾਬੀ ਪੜਾਵੇ ਬੱਚਿਆਂ ਨੂੰ ਛਡਣ ਦੀ ਖੇਚਲ ਨਹੀਂ ਕਰ ਸਕਦੇ।

Prim Rose Electrolysis
Free Consultation • Professional Home Studio
- Nutrimetic Sales
- Waxing
- Facials
- Threading
- Electrolysis

(Thermolysis and Blend Type First 15 minutes free)

Kulwinder Marjara
Certified Electrologist
2855 Gardner Court, Abbotsford, B.C.
(604) 850-5760

KOOCANUSA DENTAL LAB LTD.
COMPLETE LINE OF DENTAL SERVICE
USING LATEST AVAILABLE TECHNOLOGY
DENTURE REPAIR SERVICE TO PUBLIC
Call RANJIT BOPARAI R.D.D. CDT
504-3316
DR. ASHBIR KLER DENTAL CENTRE
IN DENTAL LAB BUSINESS FOR OVER 25 YEARS
2-2757 Bourquin Crescent
West Abbotsford, B.C. • V2S 6J4

ਪੰਜਾਬੀ ਭੈਣੋ ਭਰਾਵੋ। ਸੋਚੋ ਕੀ ਇਹ ਸਾਡੀ ਭੁੱਲ ਤਾਂ ਨਹੀਂ। ਕੀ ਸਾਡਾ ਭਵਿੱਖ ਸਾਨੂੰ ਮੁਆਫ ਕਰੇਗਾ? ਗਲਤੀ ਤਾਂ ਉਹ ਹੁੰਦੀ ਹੈ ਜੋ ਅਣਜਾਣ ਪੁਣੇ ਵਿਚ ਕੀਤੀ ਜਾਵੇ। ਸਭ ਕੁਝ ਜਾਣਦੇ ਹੋਏ ਵੀ ਅਣਜਾਣ ਬਣਾਂਗੇ ਕਸੂਰਵਾਰ ਅਸੀਂ ਹੋਵਾਂਗੇ, ਸਾਡੇ ਬੱਚੇ ਨਹੀਂ। ਜਿਹੜੀ ਕੌਮ ਆਪਣੀ ਬੋਲੀ ਅਤੇ ਸਭਿਆਚਾਰ ਨੂੰ ਅਣਗੌਲਿਆ ਕਰ ਦੇਵੇ ਉਸ ਕੌਮ ਦੇ ਭਵਿੱਖ ਦੇ ਨਾਮੋ ਨਿਸ਼ਾਨ ਵੀ ਧੁੰਦਲੇ ਪੈ ਜਾਂਦੇ ਹਨ। ਅਸੀਂ ਆਪਣਾ ਭਵਿੱਖ ਵੱਧ ਤੋਂ ਵੱਧ ਡਾਲਰ ਕਮਾਉਣ ਤੇ ਵੱਡੇ ਘਰਾਂ ਨੂੰ ਸਮਝਦੇ ਹਾਂ ਪਰ ਆਪਣੇ ਬਚਿਆਂ ਦੇ ਭਵਿੱਖ ਦੇ ਘਰ ਦੀ ਸਾਨੂੰ ਚਿੰਤਾ ਨਹੀਂ। ਜੇ ਬਚਿਆਂ ਦਾ ਮੋਹ ਸਾਡੇ ਸਭਿਆਚਾਰ ਨਾਲੋਂ ਟੁੱਟ ਕੇ ਪੱਛਮੀ ਸਭਿਆਚਾਰ ਵਿਚ ਰੰਗਿਆ ਗਿਆ ਫਿਰ ਘਰਾਂ ਵਿਚ ਕਿਸ ਨੇ ਰਹਿਣਾ ਪਸੰਦ ਕਰਨਾ ਹੈ। ਸਭਿਆਚਾਰ ਕੋਈ ਮਾਤਾ ਨਹੀਂ ਮਾਤੇ ਤਾਂ ਉਹੀ ਲੋਕ ਹੁੰਦੇ ਹਨ ਜੋ ਕੁਝ ਚੰਗਾ ਸਿਖਣ ਦੀ ਕੋਸ਼ਿਸ਼ ਨਹੀਂ ਕਰਦੇ। ਜਦੋਂ ਸਾਡੇ ਕੋਲ ਆਪਣਾ ਅਮੀਰ ਸਭਿਆਚਾਰ ਹੈ ਫਿਰ ਬਿਗਾਨੇ ਸਭਿਆਚਾਰ ਨੂੰ ਅਪਣਾਉਣਾ ਤਾਂ ਬਾਂਸ ਵਿਚ ਫੂਕ ਮਾਰਨ ਵਾਲੀ ਗਲ ਹੋਵੇਗੀ। ਘਰ ਵਿਚ ਪੰਜਾਬੀ ਬੋਲਣੀ ਆਪਣਾ ਅਪਮਾਨ ਸਮਝਦੇ ਹਾਂ। ਕੀ ਅਸੀਂ ਫਰਜ ਪ੍ਰਤੀ ਲਾਪ੍ਰਵਾਹ ਤਾਂ ਨਹੀਂ ਹੋਏ? ਸਾਰਾ ਕੁਝ ਕੰਮ ਨੂੰ ਸਮਝ ਬੈਠੇ ਹਾਂ। ਬਚਿਆਂ ਨਾਲ ਸਾਂਝ ਪਾਉਣ ਦਾ ਵਕਤ ਨਹੀਂ। ਗੁੜ ਤਾਂ ਆਪਣਾ ਹੈ, ਜਿੰਨਾ ਪਾਇਆ ਉਨਾਂ ਮਿੱਠਾ ਹੋਣਾ ਹੈ। ਫਿਰ ਅਸੀਂ ਉਮੀਦ ਕਰਦੇ ਹਾਂ ਸਾਡੇ ਬੱਚੇ ਸਾਡਾ ਆਦਰ ਮਾਣ ਕਰਨ। ਅਸੀਂ ਉਹਨਾਂ ਨੂੰ ਇਸ ਬਾਰੇ ਦਸਿਆ ਨਹੀਂ ਇਹ ਸਾਰਾ ਕੁਝ ਡਾਲਰਾਂ ਨਾਲ ਖਰੀਦਿਆ ਨਹੀਂ ਜਾ ਸਕਣਾ ਡਾਲਰਾਂ ਨਾਲ ਚੰਗੀਆਂ ਸਹੂਲਤਾਂ ਤਾਂ ਦੇ ਸਕਦੇ ਹਾਂ। ਹੁਣ ਵਕਤ ਸਾਡੇ ਹੱਥ ਵਿਚ ਆਪਾ ਨਾਂ ਵਿਚਾਰਿਆ ਫਿਰ ਕਲ ਨੂੰ ਵਕਤ ਨੇ ਨਹੀਂ ਵਿਚਾਰਨਾ ਇਹ ਬੱਚੇ ਕਨੇਡੀਅਨ ਹਨ ਜਾਂ ਇੰਡੀਅਨ।

cont. page 6

LENSES PER PAIR

	Reg. Price	SALE
Single Vision	$60	$30
Bifocal	$90	$60
Progressive (without lines)	$180	$120

Some Restrictions Apply

KIDS & TEENS
COMPLETE EYE-WEAR (Frame & Lenses)
one pair $55.00 two pairs $99.00
some restrictions apply

CONTACT LENSES

	Reg. Price	SALE
Daily Wear	$90	$45
Extended Wear	$150	$55
Disposable (pack of six)	$60	$30

Some Restrictions Apply

COATING & TINT*
SCRATCH RESISTANT UV 400
COATING TINT OF YOUR CHOICE
$20
SPECIAL OFFER 3-COAT PACKAGE REG. PRICE $60
some restrictions apply

CLEAR COOL
OPTICAL
IN VENTURA PLAZA
Beside Robin's Donuts
Close to 3000 Brand Name Frames in the Latest Styles, Ultra Modern Sun-Glasses and Best Quality Lenses
ONE HOUR SERVICE
MOST PRESCRIPTIONS

Mr. JoginderPaul Singh & Mrs. Surjit Kaur, having 40 years of experience in the optical field, are pleased to provide the professional, service you deserve.
859-2005
Abbotsford

CHANGE THE COLOUR OF YOUR EYES WITH
Durasoft FreshLook
Disposable Colour Contact Lenses*
$45.00 (pack of six)
Opaque Colour Contact Lenses
$115.00 (per pair)
some restrictions apply

from page5

ਸਾਡਾ ਅੱਜ ਜੋ ਭਵਿਖ ਹੈ ਇਹ ਸਾਡੀ ਪਿਛਲੀ ਸੋਚ ਦਾ ਨਤੀਜਾ ਹੈ। ਜੇ ਅਸੀਂ ਭਵਿਖ ਬਾਰੇ ਨਾ ਸੋਚਿਆ ਫਿਰ ਜੋ ਹੋਵੇਗਾ ਉਹ ਆਪਾਂ ਨੂੰ ਸਭ ਨੂੰ ਪਤਾ ਹੈ। ਸਾਡੀ ਸੋਚ ਵਿਚ ਬਹੁਤ ਤਬਦੀਲੀ ਆ ਚੁੱਕੀ ਹੈ। ਚੰਗੀਆ ਕਦਰਾਂ ਕੀਮਤਾਂ ਕਿਤਾਬਾਂ ਦੇ ਪੰਨਿਆ ਦੀ ਸ਼ਾਨ ਹਨ। ਸੁਆਰਥੀ ਪੁਣਾ ਸਭ ਪਾਸੇ ਮੂੰਹ ਫੈਲਾਈ ਫਿਰਦਾ ਹੈ। ਹਮਦਰਦੀ ਵਰਗੀ ਉਚੀ ਸੋਚ ਵਰਤਮਾਨ ਭਾਈਚਾਰੇ ਵਿਚ ਖਤਮ ਹੈ। ਇਸ ਤਰਾਂ ਦੇ ਮਾਹੌਲ ਵਿਚ ਪ੍ਰਵਾਨ ਚੜੇ ਬੱਚੇ ਵਿਚ ਭਲੇ ਭਵਿਖ ਦੀ ਕਿਸ ਤਰਾਂ ਦੀ ਆਸ ਹੋ ਸਕਦੀ ਹੈ। ਇਕ ਦੂਸਰੇ ਨੂੰ ਪੈਰਾਂ ਹੇਠ ਮਿੰਧ ਕੇ ਲੰਘਣ ਦੀ ਬਣੀ ਹੈ।

ਅਸੀਂ ਪੰਜਾਬੀ ਬੋਲਣ ਲਈ ਸਿਖਣ ਲਈ ਜਿੰਨਾ ਰੋਲਾ ਪਾਉਂਦੇ ਉਸ ਤੋਂ ਅਮਲ ਅੱਧਾ ਵੀ ਨਹੀਂ ਕਰਦੇ। ਸਾਨੂੰ ਸਕੂਲ ਵਲੋਂ 'ਬ੍ਰਿਟਸ ਕੋਲੰਬੀਆ ਹੈਰੀਟੇਜ ਲੈਂਗੁਏਜ ਐਸੋਏਸ਼ੀਅਨ ਦੀ ਸਲਾਨਾ ਮੀਟਿੰਗ ਵਿਚ ਜਾਣ ਦਾ ਸਮਾਂ ਮਿਲਿਆ, ਜਿਸ ਵਿਚ ਕਨੇਡਾ ਪੱਧਰ ਤੇ ਅਤੇ ਬੀ.ਸੀ ਪੱਧਰ ਤੇ ਵੱਖ ਵੱਖ ਬੋਲੀਆਂ ਬੋਲਣ ਵਾਲੇ ਲੋਕ ਆਏ ਹੋਏ ਸਨ। ਮਾਣਯੋਗ ਉਜਲ ਦੁਸਾਂਝ ਹੋਰਾਂ ਨੇ ਇਸ ਨੂੰ ਸੰਬੋਧਨ ਕੀਤਾ। ਛੇ ਸੌ ਤੋਂ ਉਪਰ ਦੇ ਇਕੱਠ ਵਿਚ ਦੱਸ ਤੋਂ ਵੀਹ ਤੱਕ ਪੰਜਾਬੀ ਬੋਲਣ ਵਾਲੇ ਲੋਕ ਹੋਣਗੇ, ਜਿਥੇ ਚੀਨੀ ਤੇ ਜਪਾਨੀ ਬੋਲਣ ਵਾਲੇ ਲੋਕਾਂ ਨਾਲ ਹਾਲ ਭਰਿਆ ਪਿਆ ਸੀ। ਉਥੋਂ ਪਤਾ ਲਗਦਾ ਸੀ ਅਸੀਂ ਪੰਜਾਬੀ ਨੂੰ ਕਿੰਨਾ ਪਿਆਰ ਕਰਦੇ ਹਾਂ। ਅਸੀਂ ਦੂਸਰੇ ਭਾਈਚਾਰਿਆਂ ਤੋਂ ਸਿਖ ਸਕਦੇ ਹਾਂ ਜੋ ਆਪਣੀ ਬੋਲੀ ਨੂੰ ਵਿਰਸੇ ਨੂੰ ਸਾਂਭਣ ਲਈ ਯਤਨਸ਼ੀਲ ਹਨ। ਜਿਥੇ ਦੂਜੇ ਲੋਕ ਆਪਣੇ ਆਪਣੀਆਂ ਬੋਲੀਆਂ ਵਿਚ ਮਿਲਣ ਸਮੇਂ ਬੋਲਣਾ ਮਾਣ ਸਮਝਦੇ ਹਨ ਉਥੇ ਪੰਜਾਬੀ ਕਿਉਂ ਸ਼ਰਮ ਜਿਹੀ ਮੰਨਦੇ ਹਨ।

ਕਿਤੇ ਇਹ ਨਾ ਹੋਵੇ ਸਾਡੇ ਹੱਡ ਭੰਨ ਕੇ ਕਮਾਈ ਦੇ ਬਣਾਏ ਹੋਏ ਫਾਰਮ ਸਾਡੇ ਬੱਚੇ ਸਾਡੇ ਹੀ ਸਾਹਮਣੇ ਖਾ ਜਾਣ? ਇਹ ਕਿਸੇ ਤੋਂ ਲੁੱਕੀ ਛਿਪੀ ਨਹੀਂ ਜੋ ਪੁਲੀਸ ਦੇ ਕੁਤਿਆਂ ਨੇ ਸਕੂਲਾਂ ਵਿਚ ਕਿਤਾਬਾਂ ਦੀ ਜਗਾ ਤੇ ਡਰੱਗਾਂ ਦੀ ਪਛਾਣ ਕਰਨੀ ਹੈ ਤਾਂ ਫਿਰ ਇਸ ਹਨੇਰੀ ਵਿਚ ਤੁਸੀਂ ਚੰਗੇ ਭਵਿੱਖ ਨੂੰ ਵੇਖ ਸਕੋਗੇ। ਸਾਨੂੰ ਮਾਣ ਹੈ ਸਾਡੇ ਵਰਤਮਾਨ ਭਵਿੱਖ ਉਪਰ ਅਸੀਂ ਆਪਣੀਆਂ ਜਤਾਂ ਭੁੰਘੀਆਂ ਕਰ ਕੇ ਕਨੇਡੀਅਨ ਢਾਂਚੇ ਵਿਚ ਫੈਲਾਈਆਂ ਹਨ। ਸਾਡੇ ਪੰਜਾਬੀ ਬੋਲਣ ਵਾਲੇ ਕਨੇਡਾ ਦੀ ਪਾਰਲੀਮੈਂਟ ਦੇ ਮੈਂਬਰ ਹਨ। ਬੀ.ਸੀ ਅਸੰਬਲੀ ਵਿਚ ਪੰਜਾਬੀ ਬੋਲਣ ਵਾਲੇ ਐਮ. ਐਲ. ਏ ਹਨ। ਬੀ.ਸੀ ਵਿਚ ਸਰਕਾਰੀ ਤੌਰ ਉਪਰ ਪੰਜਾਬੀ ਲਾਗੂ ਹੋਈ ਹੈ। ਸਕੂਲਾਂ ਵਿਚ ਪੰਜਾਬੀ ਵਿਦਿਆਰਥੀਆਂ ਦੀ ਘਾਟ ਨਹੀਂ। ਜਦੋਂ ਪਬਲਿਕ ਸਕੂਲਾਂ ਵਿਚ ਸਕੂਲ ਬੋਰਡਾਂ ਤੋਂ ਪੁਛੋ, ਸਕੂਲਾਂ ਵਿਚ ਪੰਜਾਬੀ ਕਿਉਂ ਨਹੀਂ ਪੜਾਈ ਜਾ ਰਹੀ ਤਾਂ ਉਹਨਾਂ ਦਾ ਜੁਆਬ ਹੈ ਸਾਡੇ ਕੋਲ ਪੰਜਾਬੀ ਪੜਨ ਲਈ ਕਿਸੇ ਨੇ ਨਾਮ ਨਹੀਂ ਲਿਖਾਇਆ। ਦੇਖੋ ਇਹ ਕਿੰਨੀ ਕੁ ਚੰਗੀ ਗੱਲ ਹੈ? ਇਸ ਵਿਚ ਕਸੂਰ ਸਾਡਾ ਹੈ ਬੱਚਿਆਂ ਦਾ ਨਹੀਂ। ਹੁਣ ਭਵਿਖ ਦੀ ਤਸਵੀਰ ਸਾਡੇ ਸਾਹਮਣੇ ਹੈ ਭਾਈ ਵੀਰ ਸਿੰਘ ਜੀ ਦੀ ਇਹ ਲਾਈਨਾਂ ਸੁਚੇਤ ਕਰਦੀਆਂ ਹਨ।

"ਸੰਭਲ ਉਹ ਸੰਭਾਲ ਸਮੇਂ ਨੂੰ,
ਸਫਲ ਉਡਦਾ ਜਾਵਦਾ।
ਠਹਿਰਨ ਦੀ ਜਾਂਚ ਨਾ ਜਾਣਦਾ,
ਲੰਘ ਗਿਆ ਨਾ ਮੁੜ ਕੇ ਆਂਵਦਾ।"

ਭਵਿੱਖ ਦੇ ਪਹਿਰੇਦਾਰੋ ਕਿਤੇ ਇਹ ਨਾ ਹੋਵੇ ਚਿੜੀਆਂ ਦੇ ਚੁਗੇ ਹੋਏ ਖੇਤ ਦੀ ਅਸੀਂ ਪਿੱਛੋਂ ਰਾਖੀ ਕਰੀਏ।

ਕੂਪਨ - COUPON

ਸਿਲਾਈ ਮਸ਼ੀਨ ਦੀ 7 ਪੋਇੰਟ ਟੀਊਨ-ਅੱਪ

- ਮਸ਼ੀਨ ਨੂੰ ਤੇਲ ਦੇਣਾ
- ਸਾਰੇ ਸਿਸਟਮ ਦਾ ਮੁਆਇਨਾਂ
- ਤਣਾਓ (ਖਿੱਚ) ਨੂੰ ਠੀਕ ਕਰਨਾ
- ਕਪੜਾ ਖਿੱਚਣ ਵਾਲੇ ਪੁਰਜ਼ੇ ਦਾ ਮੁਆਇਨਾ
- ਤਾਰਾਂ ਦਾ ਮੁਆਇਨਾਂ
- ਪੁਰਜ਼ਿਆਂ ਵਿੱਚੋਂ ਫਸਿਆਂ ਕਪੜਾ ਅਤੇ ਰੂੰ ਆਦਿ ਸਾਫ ਕਰਨਾ
- ਸੀਣ ਦਾ ਟੈਸਟ (ਕੂਪਨ-29-8-98 ਤਕ)

ਸਾਰਾ ਕੰਮ ਗਰੰਟੀਸ਼ੁਦਾ ਕੀਤਾ ਜਾਂਦਾ ਹੈ!!

ਅਸੀਂ ਸਾਰੀਆਂ ਕੰਪਨੀਆਂ ਦੇ ਮਾਡਲਾਂ ਦੀ ਮੁਰੰਮਤ ਕਰਦੇ ਹਾਂ। ਪੈਰਾਂ ਨਾਲ ਚਲਣ ਵਾਲਾ ਯੰਤਰ ਨਾਲ ਜ਼ਰੂਰ ਮੇਜ਼ੂਦ ਹੋਵੇ। ਪੁਰਜ਼ਿਆਂ ਦੀ ਕੀਮਤ ਅਲੱਗ

$20.00 Off

Reg. $59.95 for sewing machine
Pay Only $39.95 with coupon
Reg. $69.95 for serger
Pay Only $49.95 with coupon

TOEWS SEWING
2506 Clearbrook Rd., Abbotsford
859-1801



WORLD'S ONE
Appliances & Electrical

SALES & SERVICES OF
• FRIDGES • STOVES • WASHERS • DRYERS • HOT WATER HEAT • WALK-IN COOLERS

ਫਰਿਜ, ਸਟੋਵ, ਵਾਸ਼ਰ, ਡਰਾਇਰ, ਹੌਟ ਵਾਟਰ ਹੀਟ ਅਤੇ ਵੱਡੇ ਕੂਲਰਾਂ ਦੀ ਤਸੱਲੀਬਖਸ਼ ਮੁਰੰਮਤ ਅਤੇ ਉਨਾਂ ਦੀ ਫਿਟਿੰਗ ਕਰਵਾਉਣ ਲਈ ਸਾਡੇ ਸਰਟੀਫਾਈਡ ਟੈਕਨਿਸ਼ਨ ਆਪ ਦੀ ਸੇਵਾ ਵਿੱਚ ਹਾਜ਼ਰ ਹਨ!!

QUALITY REPAIR & INSTALLATION

Call Paul
Tel: 504-0941
CEL: 309-7027 • PGR: 607-9331

CERTIFIED TECHNICIANS

from page 14

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਗੁਰਸਿੱਖ ਬਣਨ ਲਈ ਜ਼ਰੂਰੀ ਸ਼ਰਤ ਇਹ ਹੈ- ਪਹਿਲਾਂ ਹੰਕਾਰ ਆਦਿ ਵਿਕਾਰਾਂ ਲਈ ਆਪਣੇ ਆਪ ਭਾਵ ਨੂੰ, ਅਥਵਾ ਕਾਮਨਾ ਨਾਲ ਭਰੇ ਆਪਣੇ ਮਨ ਨੂੰ ਅਜੇਹਾ ਮੁਰਦਾ ਬਣਾ ਲਉ ਕਿ ਦੋਸ਼ਾਰਾ ਇਹ ਪੰਜੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਤੁਹਾਡੇ ਆਪੇ ਨੂੰ ਜੀਉਂਦਾ ਕਦੇ ਨਾ ਪਾਉਣ, ਫਿਰ ਆਪਣੇ ਮਨ ਨੂੰ ਕੁਲ ਪ੍ਰਾਣੀਆਂ ਦੀ ਚਰਨਾਂ ਦੀ ਧੂੜ ਬਣਾਉ, ਭਾਵ, ਆਪਣੇ ਆਪ ਨੂੰ ਸਾਰਿਆਂ ਨਾਲੋਂ ਨੀਵਾਂ ਸਮਝ ਕੇ ਆਪਣੇ ਮਨ ਨੂੰ ਸਾਰੀ ਲੋੜਵੰਦ ਲੁਕਾਈ ਦਾ ਸੇਵਕ ਬਣਾ ਲਵੋ ਅਤੇ ਫਿਰ ਅੰਮ੍ਰਿਤ ਪਾਨ ਕਰਨ ਲਈ ਮੇਰੇ ਕੋਲ ਆਉ- ਪਹਿਲਾ ਮਹਣੁ ਕਬੂਲਿ ਜੀਵਣ ਕੀ ਛਡਿ ਆਸ। ਹੋਹੁ ਸਭਨਾ ਕੀ ਰੋਣਕਾ ਤਉ ਆਉ ਹਮਾਰੈ ਪਾਸਿ। ਜਿਹੜੇ ਮਨੁੱਖ ਅਜੇਹੀ ਨਿਮਰਤਾ ਧਾਰ ਕੇ ਨਹੀਂ ਸਨ ਆਏ ਉਨਾਂ ਦੇ ਸਦੀਵੀ ਜਿੰਦਗੀ ਦੇਣ ਵਾਲੇ ਗੁਰ ਉਪਦੇਸ਼ ਰੂਪੀ ਨਾਮ ਅੰਮ੍ਰਿਤ ਦੀ ਕਦਰ ਨਾ ਕੀਤੀ ਕਰ ਮਹਿ ਅੰਮ੍ਰਿਤ ਆਣਿ ਨਿਸਾਰਿਓ। ਖਿਸਰਿ ਗਣਿਉ ਭੁਮ ਪਹਿ ਡਾਰਿਓ। ਗੁਰੂ ਘਰਾਂ ਦੀ ਕਮੇਟੀ ਨੇ ਤਾਂ ਕੀ ਪੁਛਣਾ ਸੀ, ਜਿਸ ਗੁਰਦੁਆਰੇ ਵਿਚ ਚਾਰ ਚਾਰ ਗ੍ਰੰਥੀ ਸੇਵਾ ਕਰ ਰਹੇ ਹਨ ਉਥੇ ਵੀ, ਖੰਡੇ ਬਾਟੇ ਦੇ ਅੰਮ੍ਰਿਤ ਦੀਆਂ ਕਰਾਮਾਤਾਂ ਬਾਰੇ ਮਨ-ਘੜਤ ਕਹਾਣੀਆਂ ਸੁਣਾ ਰਹੇ ਮਹਾਂ ਪੁਰਖ ਸਾਧਾਂ ਕੋਲੋਂ ਕੋਈ ਨਹੀਂ ਪੁੱਛਦਾ, ਕਿ ਸਤਿਗੁਰਾਂ ਨੇ ਕਿਹੜਾ ਅੰਮ੍ਰਿਤ, ਸਾਡੇ ਕਿਹੋ ਜਿਹੇ ਬੁੱਕ ਵਿਚ ਪਾਇਆ ਅਤੇ ਅਸਾਂ ਉਸ ਨੂੰ ਮਿੱਟੀ ਵਿਚ ਰਲਾ ਦਿੱਤਾ ਹੈ?

ਸਤਿਗੁਰਾਂ ਲਈ ਸੱਚਾ ਅੰਮ੍ਰਿਤਧਾਰੀ ਉਹ ਸੀ ਜੋ ਵੈਰੀਆਂ ਅਤੇ ਮਿੱਤਰਾਂ, ਸਭ ਵਿਚ, ਅਕਾਲਪੁਰਖ ਦੇ ਦਰਸ਼ਨ ਕਰਨ ਵਾਲਾ, ਭਾਈ ਘਨੀਆਂ ਬਣ ਜਾਂਦਾ ਸੀ। ਗੁਰੂ ਤਾਂ ਮੰਜ ਕਰਮੀ ਮਨੁੱਖ ਨੂੰ ਦੇਵਤਿਆਂ ਜਿਹਾ ਨੇਕ ਬਨਾਣ ਵਿਚ ਜ਼ਰਾ ਢਿੱਲ ਨਹੀਂ ਕਰਦਾ- ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ। ਡੇਰਾਵਾਦੀ ਪੰਜ ਪਿਆਰੇ ਕਿਹੋ ਜਿਹੇ ਗੁਰੂ ਹਨ ਜਿਹੜੇ, ਦੇਵਤਾ ਬਨਾਉਣਾ ਤ ਕਿਤੇ ਰਿਹਾ, ਆਪਣੀ ਵਿਧੀ ਨਾਲ ਅੰਮ੍ਰਿਤ ਛਕਾ ਕੇ ਮਨੁੱਖ ਨੂੰ ਇਨਸਾਨ ਵੀ ਨਹੀਂ ਰਹਿਣ ਦਿੰਦੇ? (ਚੜਦੀ ਕਲਾ ਅਖਬਾਰ ਵਿਚ ਛਪਦੇ ਰਹੇ ਅਨਮੇਲ ਬਚਨਾਂ ਅਨੁਸਾਰ) ਡੇਰਾ-ਵਿਧੀ ਨਾਲ ਅੰਮ੍ਰਿਤ ਪਾਨ ਕਰਦੇ ਸਾਰ ਹੀ ਸਿੱਖ, ਘਰਦਿਆਂ ਬਾਹਰਦਿਆਂ ਸਾਰਿਆਂ ਨੂੰ ਗੱਡੀ ਚਾੜ੍ਹੀ ਜਾਣ (ਜਾਨੋਂ ਮਾਰ ਮੁਕਾਉਣ) ਵਾਲਾ ਬੰਬ ਬਣ ਜਾਂਦਾ ਹੈ। ਸ੍ਰੀ ਅਕਾਲ ਤਖਤ ਤੋਂ ਨਿਯੁਕਤ ਹੋਏ ਸਿੰਘਾਂ ਤੋਂ ਅੰਮ੍ਰਿਤ ਪਾਨ ਕਰਨਾ ਗੁਰਮਤਿ ਹੈ, ਪਰ ਡੇਰਾ ਵਾਦੀਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਨੂੰ ਬੇਦਾਵਾ ਲਿਖ ਦੇਣ ਵਾਲੀ ਕਰਤੂਤ ਹੈ।

SCHOLARSHIP CONSULTANTS OF NORTH AMERICA LTD.
EXCLUSIVE DISTRIBUTOR OF THE USC EDUCATION SAVINGS PLANS.

CANADA'S MOST FLEXIBLE *SELECTION* OF EDUCATION SAVINGS PLANS . . . .
• NEW! 20% BONUS GRANT FROM THE FEDERAL GOVERNMENT
• Tax-sheltered savings plans for post-secondary education
• The flexibility to transfer unused savings to an RRSP*

ਕੈਨੇਡਾ ਦੀ ਸਭ ਤੋਂ ਵਧੀਆ ਐਜੂਕੇਸ਼ਨ ਸੇਵਿੰਗਜ਼ ਪਲਾਨ
* ਕੈਨੇਡੀਅਨ ਐਜੂਕੇਸ਼ਨ ਸੇਵਿੰਗ ਗਰਾਂਟ ਹਰ ਬੱਚੇ ਵਾਸਤੇ (20%) 7,200 ਡਾਲਰ ਤੱਕ ਮਿਲ ਸਕਦੀ ਹੈ
* ਇਨਕਮ ਟੈਕਸ ਛੋਟ ਲਾਗੂ ਹੈ ਅਤੇ ਰਕਮ ਬਿਲਕੁਲ ਸੁਰਖਿੱਅਤ ਹੈ
* ਕੇਂਦਰੀ ਸਰਕਾਰ ਆਪ ਦੀ ਰਕਮ ਆਰ ਆਰ ਐਸ ਪੀ 'ਚ ਬਦਲਣ ਦੀ ਇਜਾਜ਼ਤ ਵੀ ਦਿੰਦੀ ਹੈ

FOR MORE IN-DEPTH INFORMATION ABOUT THE VARIOUS PLANS PLEASE CONTACT:
GURPREET GREWAL
OFFERED BY PROSPECUS ONLY
864-4246 OR 807-0565
"BUILDING THE DREAM TOGETHER"

ਕਨੇਡਾ ਦਾ ਚਾਹੇਤਾ ਅੰਕ - ਸਾਤਾ 7-7-7



ਸੂਬੇਦਾਰ ਅਜਾਇਬ ਸਿੰਘ ਢਿਲੋਂ ਪਿੰਡ ਸੈਹਰੋਂ (ਮੋਗਾ)

ਵੈਸੇ ਤਾਂ ਕਿਸੇ ਅੰਕ ਦਾ ਮਹੱਤਵ ਵੀ ਘੱਟ ਨਹੀਂ ਪਰ ਕਨੇਡਾ ਨੇ ਤਾਂ ਆਪਣਾ ਮਹਿਬੂਬ ਅੰਕ ਸਾਤਾ ਈ ਚੁਣ ਰਖਿਆ ਹੈ। ਇਹ ਤਾਂ ਪਤਾ ਨਹੀਂ ਲੱਗ ਸਕਿਆ ਕਿ ਇਹ ਕਦੋਂ ਤੇ ਕਿਵੇਂ ਇਕ ਦੂਜੇ ਦੇ ਏਨਾ ਨੇੜਾ ਆਏ, ਪਰ ਇਹਨਾਂ ਦੀ ਨਿਭ ਖੂਬ ਰਹੀ ਹੈ। ਲੋਕ ਬੋਲੀ ਨੇ ਵੀ ਆਪਣਾ ਰੂਪ ਬਦਲ ਲਿਆ ਐ ਬਈ, ਲਗਦੀ ਕਿਸੇ ਨਾ ਵੇਖੀ, ਨਿਭਦੀ ਨੂੰ ਜਗ ਜਾਣਦਾ।' ਇਹ ਨੇੜਤਾ ਅਰਲਾ-ਸੇਟ ਹੋਈ ਤਾਂ ਲਗਦੀ ਨਹੀਂ, ਨਾ ਈ ਇਹ 'ਲਵਐਟ ਫਸਟ ਸਾਈਟ' ਦਾ ਕੇਸ ਲਗਦਾ ਐ। ਹਾਂ 'ਖਰਬੂਜੇ ਨੂੰ ਵੇਖਕੇ ਖਰਬੂਜ਼ਾ ਰੰਗ ਫੜਦਾ ਐ,' ਵਾਲੀ ਗੱਲ ਜਚਦੀ ਐ ਕਿਉਂਕਿ ਭਾਗਾਂ ਦੀ ਡੋਰ ਤਾਂ ਭਾਵੇਂ ਦਾਤੇ ਹੱਥ ਹੈ ਪਰ ਬਹੁਤੇ ਕੰਮ ਦੇਖਾ ਦੇਖੀ ਈ ਤਾਂ ਕੀਤੇ ਜਾਂਦੇ ਹਨ, ਅਖੇ ਤਾਣੇ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ।' ਇਹ ਵੀ ਹੋ ਸਕਦਾ ਐ ਕਿ ਸਾਤੇ ਦੀ ਲਾਟਰੀ ਨਿਕਲ ਆਈ ਹੋਵੇ ਪਰ ਨਹੀਂ ਇਹ ਗੱਲ ਨਹੀਂ।

ਵਿਚਾਰੇ ਕਨੇਡਾ ਨੂੰ ਕੀ ਦੋਸ਼ ਦੇਈਏ ਜਦੋਂ ਸਾਤਾ ਜੀਵਨ ਦੇ ਹਰ ਖੇਤਰ ਵਿਚ ਆਪਣੇ ਖੰਭ ਖਲਾਰੀ ਬੈਠਾ ਐ। ਵਾਤਾਵਰਨ ਦਾ ਅਸਰ ਤਾਂ ਹੋਣਾ ਈ ਹੋਇਆ। ਜਦੋਂ ਚਰਚਾ ਈ ਸਾਤੇ ਦੀ ਚਲ ਰਹੀ ਐ ਤਾਂ ਮੈਂ ਕਿਉਂ ਸਾਤੇ ਤੋਂ ਬੇ-ਮੁੱਖ ਹੋਵਾਂ। ਲਓ ਜੀਵਨ ਚੋਂ ਸਾਤੇ ਦੇ ਮਹੱਤਵ ਨੂੰ ਦਰਸਾਉਂਦੀਆਂ ਸੱਤ ਈ ਉਦਾਹਰਣਾ ਪੇਸ਼ ਹਨ।

ਸਖਤਿਆਂ ਦਾ ਸਤੀਂ ਵੀਹੀਂ ਸੌ। ਸਤੀਂ ਕਪੜੀਂ ਅੱਗ ਲਗਣੀ। ਇਹ ਮੁਹਾਵਰਾ ਇਸ ਤੱਥ ਦਾ ਵੀ ਸੂਚਕ ਹੈ ਕਿ ਪੂਰਨ ਪੋਸ਼ਾਕ ਵਿਚ ਸੱਤ ਕਪੜੇ ਹੁੰਦੇ ਹਨ। ਭੇਡ ਦੇ ਦੁੱਧ ਤੋ ਸੱਤ ਮਲਾਈਆਂ ਆਉਂਦੀਆਂ ਹਨ।

ਮੁਸਲਮਾਨ ਮਤ ਅਨੁਸਾਰ ਰੱਬ (ਅੱਲਾਹ) ਸਤਵੇਂ ਆਕਾਸ਼ ਤੇ ਰਹਿੰਦਾ ਹੈ। ਸੱਤਾਂ ਚੁਲ੍ਹਿਆਂ ਦੀ ਸਵਾਹ। ਸੱਤੇ ਖੈਰਾਂ। ਸੱਤ ਅਜੂਬੇ।

ਕੁਦਰਤ ਨੇ ਅੱਡ ਸਾਤੇ ਨੂੰ ਨਵਾਜ ਰਖਿਆ ਹੈ। ਜੀਵਨ ਦਾਤਾ ਸੂਰਜ ਦੀ ਰੌਸ਼ਨੀ (spectrum) ਵਿਚ ਸੱਤ ਹੀ ਰੰਗ ਭਰੇ ਹਨ ਜਿਹੜੇ ਇੰਦਰ ਧਨੁਸ਼(Rainbow) ਵਿਚ ਨਿਖਰਵੇਂ ਦਿਸਦੇ ਹਨ। ਚੱਲੋ ਛੱਡੋ ਇਹ ਚਰਚਾ। ਆਪਾਂ ਤਾਂ ਅੰਬ ਖਾਣੇ ਐ, ਪੇੜ ਗਿਣ ਕੇ ਕੀ ਲੈਣਾ। ਆਓ ਗੌਹ ਨਾਲ ਕਨੇਡਾ ਅਤੇ ਸਾਤੇ ਦੇ ਮੇਲ ਮਿਲਾਪ ਦੀ ਨਿਰਖ ਪਰਖ ਕਰੀਏ।

ਕਨੇਡਾ ਦੀ ਹਾਰਮੋਨੀਅਮ ਬਾਜੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ। ਬਾਜਾ ਸੱਤ ਸੂਰਾਂ ਸਾ, ਰੇ, ਗਾ, ਮਾ, ਪਾ, ਧਾ, ਨੀ, ਕਵਦਾ ਹੈ ਅਤੇ ਹਰ ਇਕ ਸੁਰ ਕੋਈ ਨਾ ਕੋਈ ਰਾਗ ਕਵਦੀ ਹੈ। ਕਨੇਡਾ ਵੀ ਸੱਤ ਹੀ ਸੁਰਾਂ (ਅਵਾਜਾਂ) ਕਢਦਾ ਹੈ। ਪਹਿਲੀ ਆਵਾਜ਼ 'ਚੀਅ' ਦੀ ਹੈ। ਇਹ ਉਦੋਂ ਨਿਕਲਦੀ ਹੈ ਜਦੋਂ ਕੈਸ਼ੀਅਰ ਬੀਬੀ ਕੋਈ ਚੀਜ਼ ਬੈਲਟ ਤੋਂ ਚੁੱਕ ਕੇ, ਬੈਲਟ ਦੇ ਲੈਵਲ ਤੇ ਲੱਗੀ ਮਸ਼ੀਨ ਉਤੋਂ ਦੀ ਲੰਘਾਉਂਦੀ ਹੈ। ਇਹ ਸੁਰ ਚੀਜ਼ ਦੇ ਤੋਲ ਨਾਪ ਅਤੇ ਮੁੱਲ ਦਾ ਰਾਗ ਕਢਦੀ ਹੈ। ਦੂਜੀ ਸੁਰ ਹੈ 'ਚਰੜ ਚਰੜ'। ਇਹ ਭੁਗਤਾਨ ਦਾ ਰਾਗ ਕਢਦੀ ਹੈ। ਤੀਜੀ ਸੁਰ 'ਟਨਣ ਟਨਣ' ਹੈ। ਇਹ ਬੁੱਤੀਆਂ ਕਰਨ ਅਤੇ ਸੁਨੇਹਾ ਸੱਪਾ ਪਹੁੰਚਾਨ ਦਾ ਰਾਗ ਕਢਦੀ ਹੈ। ਇਹ ਸੁਰ ਬੜੀ ਹਰਦਿਲਅਜੀਜ਼ ਹੈ। ਇਸ ਦੀ ਫਰੀਕੁਐਂਸੀ ਬਹੁਤ ਹੈ ਅਤੇ ਦਿਨ ਰਾਤ ਨਿਕਲਦੀ ਹੀ ਰਹਿੰਦੀ ਹੈ। ਅਗਲੀ ਸੁਰ ਚੀਕਾਂ ਮਾਰਨ ਵਰਗੀ ਕਢਦਾ ਹੈ। ਇਹ ਸਿਹਤ ਦੀ ਸੰਭਾਲ ਅਤੇ ਅੱਗ ਤੋਂ ਬਚਾਉ ਦਾ ਰਾਗ ਕਢਦੀ ਹੈ। ਅੱਗੇ ਲੈ ਲਵੋ ਟੱਕ ਟੱਕ ਦੀ ਸੁਰ। ਇਹ ਬੜੀ ਕਾਮਨ ਹੈ ਅਤੇ ਕਈ ਪ੍ਰਕਾਰ ਦਾ ਸਾਂਝਾ ਰਾਗ ਕਢਦੀ ਹੈ। ਅਗਲੀ ਸੁਰ ਪਾਅ ਪਾਅ ਹੈ। ਇਹ ਖਬਰਦਾਰ ਕਰਨ ਦਾ ਰਾਗ ਕਢਦੀ ਹੈ ਪਰ ਕਈ ਵਾਰੀ ਇਹ ਸੁਰ ਬਾਦਰ ਵੀ ਕਰਦੀ ਹੈ ਅਤੇ ਡਰ ਕੇ ਕਢਣੀ ਪੈਂਦੀ ਹੈ। ਸਤਵੀਂ ਤੇ ਆਖਰੀ ਸੁਰ ਘੁੱਗੂ ਹੈ। ਇਹ ਕੰਮ ਤੇ ਲੱਗਣ ਅਤੇ ਹਟਣ ਦਾ ਰਾਗ ਕਢਦੀ ਹੈ। ਇਸ ਪੱਖ ਤੋਂ ਕਨੇਡਾ ਬਾਜੇ ਦੇ ਬਰਾਬਰ ਭਿੜਦਾ ਹੈ।

ਮੁਸਲਮਾਨ ਮਤ ਅਨੁਸਾਰ ਰੱਬ ਦਾ ਤਖਤ ਫਰਿਸ਼ਤਿਆਂ ਨੇ ਚੁਕਿਆ ਹੋਇਆ ਹੈ। ਉਵੇਂ ਈ ਸਤਾਂ ਜਨਾਨੀਆਂ ਨੇ ਕਨੇਡਾ ਦੇ ਰੋਜਾਨਾ ਜੀਵਨ ਦੇ ਰਥ ਦਾ ਸਾਰਾ ਭਾਰ ਆਪਣੇ ਸੂਖਮ ਪਰ ਮਜਬੂਤ ਮੋਢਿਆਂ ਤੇ ਚੁਕਿਆ ਹੋਇਆ ਹੈ। ਇਹ ਸੱਤੇ ਕੁਤੀਆਂ ਕਨੇਡਾ ਦਾ ਚਾਘਾ ਚੁਕੀ ਫਿਰਦੀਆਂ ਹਨ ਅਤੇ ਰੀੜ੍ਹ ਦੀ ਹੱਡੀ ਬਣੀਆਂ ਹੋਈਆਂ ਹਨ। ਇਹਨਾਂ ਸੱਤ ਨਿਸ਼ਕਾਮ ਸਤਵੰਤੀਆਂ ਕਾਰਨ ਹੀ ਕਨੇਡਾ ਦੀ ਸੱਤੋਂ ਸੱਤ ਹੈ। ਲਓ ਕਰ ਲਵੋ ਇਹਨਾ ਦੀ ਪਛਾਣ।

cont. page 9

FOR MAXIMUM EXPOSURE AND ADVERTISING PHONE THE FRASER VALLEY PUNJABI PATRIKA
852-2288

TD

For Best Rates Talk to Us First!

Your Mortgage Specialists
ਤੁਹਾਡੇ ਮੌਰਗੇਜ ਸਪੈਸ਼ਲਿਸਟ

ਸਭ ਤੋਂ ਵਧੀਆ ਰੇਟ ਵਾਸਤੇ ਸਾਨੂੰ ਆਕੇ ਮਿਲੋ
TD BANK
870-2200
32817 South Fraser Way at Gladwin
Abbotsford, B.C.

TD

Brighter Futures Start With Kumon.

ਉਮਰ ਅਤੇ ਹੁਨਰੀ ਪਧੱਰ ਵੀਚਾਰਨ ਤੋਂ

ਕੰਮ ਦਾ ਮਹੱਤਵ

ਨਰਿੰਦਰ ਸਿੰਘ ਕਪੂਰ

ਮਨੁੱਖ ਕਦੇ ਵੀ ਕਿਸੇ ਅਜਿਹੀ ਪ੍ਰਨਾਲੀ ਦਾ ਨਿਰਮਾਣ ਨਹੀਂ ਕਰ ਸਕੇਗਾ ਜਿਸ ਵਿਚ ਕੰਮ ਕਰਨ ਦੀ ਲੋੜ ਨਾ ਹੋਵੇ। ਕੰਮ ਕਰਨਾ ਮਨੁੱਖ ਲਈ ਸਰਾਪ ਨਹੀਂ ਸਗੋਂ ਵਰ ਹੈ। ਇਹ ਤਾਂ ਜ਼ਿੰਦਗੀ ਦੇ ਅਰਥ ਲਭਣ ਦਾ ਇਕ ਮਾਤਰ ਸਾਧਨ ਹੈ। ਕਿਹੜੇ ਕੰਮ ਕਰਦੇ ਹਨ ਉਹ ਜਾਣਦੇ ਹਨ ਕਿ ਸੱਚੇ ਅਨੰਦ ਦੀ ਪ੍ਰਾਪਤੀ ਸੰਭਵ ਹੀ ਕੰਮ ਵਿਚੋਂ ਹੈ। ਮਨੁੱਖ ਦੇ ਜਨਮ ਨਾਲ ਹੀ ਉਸ ਲਈ ਕੰਮ ਵੀ ਜੰਮ ਪੈਂਦਾ ਹੈ ਅਤੇ ਸੱਚੇ ਅਰਥਾਂ ਵਿਚ ਕਿਸੇ ਨੂੰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ ਕਿ ਮੈਂ ਕੀ ਕੰਮ ਕਰਾਂ। ਕਈ ਨਿਕੰਮੇਂ ਲੋਕਾਂ ਦਾ ਜ਼ਿੰਦਗੀ ਭਰ ਇਹ ਯਤਨ ਹੁੰਦਾ ਹੈ ਕਿ ਕੰਮ ਤੋਂ ਬਚਿਆ ਕਿਵੇਂ ਜਾਵੇ ? ਇਹ ਵੀ 'ਕੰਮ' ਹੈ ਅਤੇ ਉਹ ਨਿਰੰਤਰ ਇਸ ਕੰਮ ਵਿਚ ਰੁੱਝੇ ਹੋਏ ਹਨ। ਬਹੁਤ ਘਟ ਲੋਕ ਅਜਿਹੇ ਹੋਣਗੇ ਜਿਹੜੇ ਕੰਮ ਕਰਨਾ ਚਾਹੁੰਦੇ ਹੋਣ ਤੇ ਕੰਮ ਉਹਨਾਂ ਕੋਲ ਨਾ ਹੋਵੇ। ਕਿਹਾ ਜਾਂਦਾ ਹੈ ਕਿ ਜਦੋਂ ਕੰਮ ਤੇ ਕਾਮਾ ਇਕ-ਸੁਰ ਹੋ ਜਾਣ ਤਾਂ ਕਲਾ ਦਾ ਜਨਮ ਹੁੰਦਾ ਹੈ। ਸੱਚਾ ਆਚਾਰ ਸੱਚੇ ਕੰਮ ਵਿਚੋਂ ਹੀ ਪ੍ਰਾਪਤ ਹੁੰਦਾ ਹੈ।

ਜਿਹੜੇ ਲੋਕ ਬੇਰੁਜ਼ਗਾਰੀ ਦੀ ਸ਼ਕਾਇਤ ਕਰਦੇ ਹਨ, ਅਸਲ ਵਿਚ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਉਹਨਾਂ ਨੂੰ ਕੰਮ ਤੋਂ ਬਿਨਾਂ ਹੀ ਤਨਖਾਹ ਮਿਲਣ ਲਗ ਪਵੇ। ਜੇ ਉਹਨਾਂ ਤੋਂ ਪੁੱਛਿਆ ਜਾਵੇ ਕਿ ਤੁਸੀਂ ਕੀ ਕੰਮ ਕਰ ਸਕਦੇ ਹੋ? ਤਾਂ ਉਹ ਇਹ ਉਤੰਰ ਨਹੀਂ ਦੇਣਗੇ ਕਿ ਉਹ ਕੀ ਕਰ ਸਕਦੇ ਹਨ, ਸਗੋਂ ਕਹਿਣਗੇ ਕਿ ਜਿਵੇਂ ਦੂਜਿਆਂ ਨੂੰ ਤਨਖਾਹ ਮਿਲਦੀ ਹੈ, ਉਵੇਂ ਹੀ ਸਾਨੂੰ ਮਿਲਣੀ ਚਾਹੀਦੀ ਹੈ। ਇਥੇ ਹੀ ਬਸ ਨਹੀਂ ਉਹ ਵਿਅੱਕਤੀ ਅਜੇ ਜੰਮਣਾ ਹੈ ਕਿਹੜਾ ਆਪਣੀ ਤਨਖਾਹ ਨਾਲ ਸੰਤੁਸ਼ਟ ਹੋਵੇ, ਜਾਂ ਆਪਣੇ ਕੰਮ ਨਾਲ ਪੂਰਨ ਭਾਂਤ ਖੁਸ਼ ਹੋਵੇ।

ਬੱਚਿਆਂ ਲਈ ਖੇਡਣਾ ਹੀ ਕੰਮ ਹੈ, ਵਿਦਿਆਰਥੀ ਲਈ ਪੜ੍ਹਨਾ ਹੀ ਕੰਮ ਹੈ, ਬੀਮਾਰ ਲਈ ਆਰਾਮ ਨਾਲ ਬਿਸਤਰੇ ਤੇ ਪਿਆ ਰਹਿਣਾ ਹੀ ਕੰਮ ਹੈ। ਕੰਮ ਅਤੇ ਖੇਡ ਵਿਚਕਾਰ ਬੁਨਿਆਦੀ ਅੰਤਰ ਇਹ ਹੈ ਕਿ ਕੰਮ ਕਰਨ ਦੀ ਮਜ਼ਬੂਰੀ ਹੁੰਦੀ ਹੈ ਖੇਡਣ ਦੀ ਨਹੀਂ। ਦੂਜਾ ਫਰਕ ਇਹ ਵੀ ਹੈ ਕਿ ਕੰਮ ਨੂੰ ਅਸੀਂ ਮੁਕਾਉਣ ਦੀ ਦ੍ਰਿਸ਼ਟੀ ਨਾਲ ਕਰਦੇ ਹਾਂ ਜਦੋਂ ਕਿ ਖੇਡ ਨੂੰ ਅਸੀਂ ਜਾਰੀ ਰੱਖਣ ਦੇ ਉਦੇਸ਼ ਨਾਲ ਖੇਡਦੇ ਹਾਂ। ਕੰਮ ਦੇ ਸੰਦਰਭ ਵਿਚ ਇਕ ਨਿਮਰਿਤ ਨਿਸ਼ਾਨਾ ਹੁੰਦਾ ਹੈ ਜਦੋਂ ਕਿ ਖੇਡ ਦੇ ਸੰਦਰਭ ਵਿਚ ਕੇਵਲ ਰੁੱਝੇ ਰਹਿਣਾ ਹੀ ਉਦੇਸ਼ ਹੁੰਦਾ ਹੈ। ਜਦੋਂ ਕਿਸੇ ਖਿਡਾਰੀ ਲਈ ਖੇਡਣਾ ਹੀ ਕੰਮ ਬਣਾ ਦਿੱਤਾ ਜਾਵੇ ਤਾਂ ਉਸ ਵਿਚੋਂ ਮਨਪਰਚਾਵੇ ਦਾ ਅੰਸ਼ ਉਡ ਜਾਂਦਾ ਹੈ ਅਤੇ ਜਦੋਂ ਆਰਾਮ ਕਰਨਾ ਹੀ ਕੰਮ ਹੋ ਜਾਵੇ ਤਾਂ ਆਰਾਮ ਵੀ ਸਜ਼ਾ ਭਾਸਣ ਲਗ ਪੈਂਦਾ ਹੈ।

ਪੁਰਾਣੇ ਜ਼ਮਾਨੇ ਦੇ ਕੰਮ ਜਿਵੇਂ ਦੌੜਨਾ, ਹੱਥੋ ਪਾਈ ਹੋਕੇ ਚੀਜ਼ ਖੋਹਣਾ, ਨੇਜ਼ਾ ਭਾਲਾ ਸੁੱਟਣਾ , ਦੂਰ ਤੱਕ ਪੱਥਰ ਵਗਾਹ ਕੇ ਮਾਰਨਾ , ਉਰੀ ਛਾਲ ਮਾਰਕੇ ਰੁਕਾਵਟ ਟੱਪ ਜਾਣਾ ਤੇ ਲੰਮੀ ਛਾਲ ਮਾਰਕੇ ਪਿੰਛਾ ਕਰ ਰਹੇ ਜਾਨਵਰ ਤੋਂ ਛੁਟਕਾਰਾ ਪਾਉਣਾ ਆਦਿ, ਅੱਜ ਦੀਆਂ ਖੇਡਾਂ ਹਨ। ਇਵੇਂ ਹੀ ਜਿਨਾਂ ਨੂੰ ਅਸੀਂ ਅੱਜ ਮਨਪਰਚਾਵਾ ਸਮਝਦੇ ਹਾਂ ਜਿਵੇਂ ਮੱਛੀ ਫੜਨਾ, ਘੋੜਸਵਾਰੀ ਕਰਨੀ ਆਦਿ ਉਹ ਗੁਜ਼ਰੇ ਜ਼ਮਾਨੇ ਵਿਚ ਉਪਜੀਵਕਾ ਦੇ ਸਾਧਨ ਸਨ। ਇਵੇਂ ਹੀ ਜਿਨ੍ਹਾਂ ਨੂੰ ਅਸੀਂ ਅੱਜ ਕੰਮ ਸਮਝਦੇ ਹਾਂ ਉਹ ਭਵਿੱਖ ਵਿਚ ਮਨਪਰਚਾਵੇ ਹੋਣਗੇ। ਹਰ ਇੱਕ ਸਦੀ ਨੇ ਮਨੁੱਖੀ ਇਤਿਹਾਸ ਵਿਚ ਨਵੇਕਲਾ ਯੋਗ ਦਾਨ ਪਾਇਆ ਹੈ। ਕਿਸੇ ਵੀ ਦੋ ਸਦੀਆਂ ਦੀਆਂ ਸਮਸੱਆਵਾਂ ਇਕੋ ਸਿਹੀਆਂ ਨਹੀਂ ਹੁੰਦੀਆਂ।

ਯੂਰਪ ਦੀ ਉਨਤੀ ਦਾ ਕਾਰਨ ਇਹ ਹੈ ਕਿ ਉਥੋਂ ਦੇ ਲੋਕ ਘੋੜਿਆਂ ਵਾਂਗ ਕੰਮ ਕਰਦੇ ਹਨ। ਯੂਰਪ ਦੀ ਖੁਸ਼ਹਾਲੀ ਪਿੱਛੇ ਸੱਤ ਸਦੀਆਂ ਦੀ ਸਖਤ ਮਿਹਨਤ ਹੈ। ਸਾਡੇ ਦੇਸ਼ ਵਿਚ ਧਰਮ ਨੇ ਸਾਨੂੰ ਤਿਆਗ ਕਰਨਾ ਸਿਖਾਇਆ ਹੈ। ਸਾਡੀ ਹੁਣ ਸਭ ਤੋਂ ਵਡੀ ਮੁਸ਼ਕਲ ਇਹ ਬਣੀ ਹੋਈ ਹੈ ਕਿ ਲੋਕਾਂ ਨੂੰ ਕੰਮ ਵਲ ਕਿਵੇਂ ਮੋੜਿਆ ਜਾਵੇ ? ਅਸੀਂ ਇਕ ਹੋਰ ਆਦਤ ਦਾ ਸ਼ਿਕਾਰ ਹੋਏ ਹੋਏ ਹਾਂ। ਹਰ ਕੋਈ ਆਪਣੇ ਕੰਮ ਨੂੰ ਛਡ ਕੇ ਹੋਰ ਹੋਰ ਕੰਮਾਂ ਵਿਚ ਉਲਝਣ ਦੇ ਤਰਲੇ ਲੈ ਰਿਹਾ ਹੈ। ਬਹੁਤ ਘਟ ਲੋਕ ਹਨ ਜਿਹੜੇ ਉਹ ਕੰਮ ਕਰ ਰਹੇ ਹਨ, ਜਿਹੜਾ ਉਹਨਾਂ ਦਾ ਕੰਮ ਹੈ। ਉਪਰੋਕਤ ਰੁਚੀ ਅਸਲ ਵਿਚ ਕੰਮ ਤੋਂ ਬੱਚਣ ਦਾ ਇਕ ਢੰਗ ਹੀ ਹੈ। ਇਸ ਦੇ ਨਾਲ ਹੀ ਕੰਮ ਨੂੰ ਮੁਲਤਵੀ ਕਰਨ ਦਾ ਹਰ ਸੰਭਵ ਢੰਗ ਵਰਤਿਆ ਜਾ ਰਿਹਾ ਹੈ। ਇਸ ਸਭ ਕੁੱਝ ਦੀ ਰੋਸ਼ਨੀ ਵਿਚ ਹੈਰਾਨੀ ਵਾਲੀ ਗਲ ਨਹੀਂ ਕਿ ਤਰੱਕੀ ਕਿਉਂ ਨਹੀਂ ਹੋ ਰਹੀ ? ਇਸ ਦੇ ਨਾਲ ਹੀ ਹਰ ਇਕ ਵਿਅੱਕਤੀ ਨੌਕਰੀ ਵਿਚ ਤਰੱਕੀ ਲਈ ਤਾਂਘ ਰਿਹਾ ਹੈ ਤੇ ਤਰੱਕੀ ਨਾ ਮਿਲਣ ਨੂੰ ਬੇਇਨਸਾਫੀ ਦੱਸ ਕੇ ਹਬਲੇ ਕੰਮ ਨੂੰ ਟਾਲ ਰਿਹਾ ਹੈ।

ਕੰਮ ਦੀ ਅਜਿਹੀ ਸਥਿਤੀ ਸੰਬਧੀ ਕਈ ਫਾਰਮੂਲੇ ਘੜੇ ਗਏ ਹਨ ਜਿਵੇਂ ਵਿਹਲਿਆਂ ਨੂੰ ਸਲਾਹਕਾਰ ਨਿਯੁੱਕਤ ਕਰ ਕੇ ਉਹਨਾਂ ਲਈ ਕੰਮ ਪੈਦਾ ਕੀਤਾ ਜਾਂਦਾ ਹੈ। ਸਲਾਹਕਾਰ ਰਲ ਕੇ ਇਕ ਕਮੇਟੀ ਬਣਾਉਂਦੇ ਹਨ। ਉਸ ਕਮੇਟੀ ਲਈ ਜਦੋਂ ਕੰਮ ਵਧੇਰੇ ਪਰਤੀਤ ਹੁੰਦਾ ਹੈ, ਹੋਰ ਕਮੇਟੀ ਬਣਾਈ ਜਾਂਦੀ ਹੈ। ਇਵੇਂ ਹੀ ਕੰਮ ਨੂੰ ਸੌ ਫੀ ਸਦੀ ਵਧਾਉਣ ਲਈ ਹਰ ਫਾਈਲ ਉਤੇ ਕਿਸੇ ਨਾ ਕਿਸੇ ਪਰਕਾਰ ਦਾ ਇਤਰਾਜ਼ ਲਾਇਆ ਜਾਂਦਾ ਹੈ। ਕੰਮ ਥੋੜਾ ਹੈ ਸਮਾਂ ਜ਼ਿਆਦਾ ਹੈ, ਇਸ ਲਈ ਇਤਰਾਜ਼ ਲਾ ਕੇ ਵਿਹਲਿਆਂ ਲਈ ਕੰਮ ਪੈਦਾ ਕੀਤਾ ਹੈ। ਵਪਾਰੀਆਂ ਦੀ ਹੇਰਾਫੇਰੀ ਰੋਕਣ ਲਈ ਇੰਸਪੈਕਟਰ ਲਾਏ ਜਾਂਦੇ ਹਨ, ਇੰਸਪੈਕਟਰਾਂ ਉਤੇ ਫਲਾਈਂਗ ਸੁਕੈਡ ਲਾਏ ਜਾਂਦੇ ਹਨ, ਉਹਨਾਂ ਦੇ ਨਿਯੰਤਰਨ ਲਈ ਹੋਰ ਅਮਲਾ ਲਾਇਆ ਜਾਂਦਾ ਹੈ।

ਜੇ ਲੋਕਾਂ ਨੂੰ ਕਿਹਾ ਜਾਵੇ ਕਿ ਇਕ ਪਾਸੇ ਪਈਆਂ ਇੰਟਾਂ ਜਾਂ ਫਾਈਲਾਂ ਕੰਧ ਦੇ ਦੂਜੇ ਪਾਸੇ ਸੁਟੀ ਜਾਓ, ਅਤੇ ਦੁਜੇ ਪਾਸੇ ਦੇ ਲੋਕਾਂ ਨੂੰ ਮੁੜ ਪਹਿਲੇ ਪਾਸੇ ਸੁੱਟਣ ਲਈ ਕਿਹਾ ਜਾਵੇ ਤਾਂ ਉਹ ਤੁਹਾਡੇ ਵਲ ਹੈਰਾਨੀ ਨਾਲ ਵੇਖਣਗੇ, ਪਰ ਸਚਾਈ ਇਹ ਹੈ ਕਿ ਲੋਕਾਂ ਦੀ ਬਹੁ ਗਿਣਤੀ ਅਜਿਹੇ ਕੰਮਾਂ ਵਿਚ ਰੁਝੀ ਹੋਈ ਹੈ। ਡਾਕਟਰ ਕਹਿੰਦਾ ਹੈ ਕਿ ਮਰੀਜ਼ ਅਜੇ ਦਾਖਲ ਕਰਨ ਯੋਗ ਨਹੀਂ ਤਾਂ ਸਾਰਾ ਜ਼ੋਰ ਲਾ ਦਿੱਤਾ ਜਾਂਦਾ ਹੈ ਕਿ ਮਰੀਜ਼ ਦਾਖਲ ਕੀਤਾ ਜਾਵੇ। ਡਾਕਟਰ ਕਹਿੰਦੇ ਹਨ ਕਿ ਮਰੀਜ਼ ਅਜੇ ਛੁੱਟੀ ਦੇਣ ਦੇ ਯੋਗ ਨਹੀਂ ਤਾਂ ਸਾਰਾ ਜ਼ੋਰ ਲਾ ਦਿੱਤਾ ਹੈ ਕਿ ਛੁੱਟੀ ਲੈਣੀ ਹੈ। ਇਹੀ ਹਾਲ ਬਾਕੀ ਖੇਤਰਾਂ ਵਿਚ ਹੈ। ਜੇ ਕੁੱਝ ਵੀ ਯੋਗ ਹੈ ਉਹ ਨਹੀਂ ਕੀਤਾ ਜਾ ਰਿਹਾ, ਜੋ ਯੋਗ ਨਹੀਂ ਉਸ ਉਤੇ ਸਾਰਾ ਜ਼ੋਰ ਲਗ ਰਿਹਾ ਹੈ।

ਹਰ ਇਕ ਵਿਅੱਕਤੀ ਆਪਣੀ ਯੋਗਤਾ ਦੀ ਪੱਧਰ ਤਕ ਤਰੱਕੀ ਪ੍ਰਾਪਤ ਕਰਨੀ ਚਾਹੁੰਦਾ ਹੈ। ਇਸ ਸਿਧਾਂਤ ਦੇ ਅਰਥ ਇਹ ਹਨ ਕਿ ਹਰ ਇਕ ਵਿਅੱਕਤੀ ਉਸ ਪਦਵੀ ਲਈ ਤਾਂਘ ਰਿਹਾ ਹੈ ਜਿਸ ਦੇ ਅਸਲ ਵਿਚ ਉਹ ਯੋਗ ਨਹੀਂ। ਉਸ ਪਦਵੀ ਉਤੇ ਲਗ ਕੇ ਅਜਿਹਾ ਵਿਅੱਕਤੀ ਆਪਣੀ ਅਯੋਗਤਾ ਛੁਪਾਉਣ ਲਈ ਚਲਿਤਰ ਕਰਨ ਲਗ ਪੈਂਦਾ ਹੈ, ਧੜੇਬੰਦੀ ਪਾਲਦਾ ਹੈ। ਇਹ ਸਭ ਯਤਨ ਉਸ ਵਲੋਂ ਕਿਸੇ ਨਾ ਕਿਸੇ ਤਰੀਕੇ ਨਾਲ ਆਪਣੀ ਅਯੋਗਤਾ ਛੁਪਾਉਣ ਦੇ ਉਪਰਾਲੇ ਹੀ ਹਨ। ਇਸ ਦੇ ਨਾਲ ਹੀ ਆਮ ਕਰ ਕੇ ਕੰਮ ਨੂੰ ਇਸ ਢੰਗ ਨਾਲ ਉਲਝਾਇਆ ਜਾਂਦਾ ਹੈ ਕਿ ਤਾਂ ਜੋ ਉਲਝਾਉਣ ਵਾਲਾ ਵਿਅੱਕਤੀ ਹੀ ਉਸ ਨੂੰ ਸੁਲਝਾ ਸਕੇ। ਇਹ ਕੰਮ ਨਾ ਕਰਨ ਦਾ ਇਕ ਹੋਰ ਢੰਗ ਹੈ। ਤੱਥਾਂ ਨੂੰ ਅੰਕੜਿਆਂ ਵਿਚ ਛੁਪਾਇਆ ਜਾ ਰਿਹਾ ਹੈ। ਨਤੀਜਾ ਸਾਹਮਣੇ ਰੱਖ ਕੇ ਅੰਕੜੇ ਤਰੋੜੇ ਮਰੋੜੇ ਜਾ ਰਹੇ ਹਨ। ਮੁਕੱਦਮੇ ਬਾਜ਼ੀ ਨੂੰ ਇਸ ਹੱਦ ਤੱਕ ਗੁੰਝਲਦਾਰ ਬਣਾ ਦਿੱਤਾ ਗਿਆ ਹੈ ਕਿ ਜੇ ਚਾਹੁਣ ਤਾਂ ਲੋਕ ਸੱਤ ਸੌ ਸਾਲ ਤਕ ਇਕੋ ਮੁਕੱਦਮਾ ਲੜ ਸਕਦੇ ਹਨ। ਸਾਡਾ ਸਾਰਾ ਰਾਸ਼ਟਰ ਅਜਿਹੇ ਤਾਣਿਆਂ ਬਾਣਿਆਂ ਵਿਚ ਉਲਝਿਆ ਪਿਆ ਹੈ। ਕੌਣ ਕਹਿੰਦਾ ਹੈ ਸਾਡੇ ਦੇਸ਼ ਵਿਚ ਕੁੱਝ ਹੋ ਨਹੀਂ ਰਿਹਾ ?

ਮੁੱਖ ਤੌਰ ਤੇ ਕੰਮ ਦੋ ਪਰਕਾਰ ਦਾ ਹੈ। ਮੱਢਲਾ ਕੰਮ ਪਦਾਰਥ ਦੇ ਰੂਪ ਨੂੰ ਬਦਲਦਾ ਹੈ। ਜਿਹੜੇ ਲੋਕ ਅਜਿਹੇ ਕੰਮਾਂ ਵਿਚ ਲਗੇ ਹੋਏ ਹਨ ਉਹ ਆਪਣੀ ਧਰਤੀ ਦੇ ਨੋੜੇ ਹਨ, ਗਰੀਬ ਹਨ, ਬੀਮਾਰ ਹਨ। ਇਹਨਾਂ ਨੂੰ ਹੀ ਕਾਮੇ ਮਜ਼ਦੂਰ ਕਿਹਾ ਜਾਂਦਾ ਹੈ। ਦੂਜਾ ਕੰਮ ਮਜ਼ਦੂਰਾਂ ਦੀ ਮਿਹਨਤ ਨੂੰ ਲੁਟਣ ਦਾ ਹੈ ਤੇ ਇਸ ਕੰਮ ਵਿਚ ਰੁਝੇ ਲੋਕ ਰੰਗੇ ਘਰਾਂ 'ਚ ਚੰਗਾ ਭੋਜਨ ਖਾਣ 'ਚ ਤੇ ਚੰਗਾ ਪਹਿਰਣ ਵਿਚ ਲਗੇ ਹੋਏ ਹਨ। ਦੂਜੇ ਵਰਗ ਦੇ ਲੋਕਾਂ ਨੇ ਜੰਮਣ, ਵਿਆਹ, ਮਰਨ ਆਦਿ ਨੂੰ ਕੰਮਾਂ ਵਿਚ ਤਬਦੀਲ ਕਰ ਦਿਤਾ ਹੈ। ਕਿਸੇ ਦੇ ਜੰਮਣ ਵਿਚ ਸਹਾਈ ਹੋਣ ਵਾਲਿਆਂ ਨੂੰ ਡਾਕਟਰ, ਦਵਾਫਰੋਸ਼, ਨਰਸਾਂ ਦਾਈਆਂ ਆਦਿ ਕਹਿੰਦੇ ਹਨ। ਵਿਆਹ ਵਿਚ ਸਹਾਈ ਹੋਣ ਵਾਲੇ ਬਜਾਜ, ਦਰਜ਼ੀ, ਸੁਨਿਆਰੇ, ਖਾਨਸਾਮੇ, ਹਲਵਾਈ, ਅਤੇ ਪਨਸਾਰੀ ਅਖਵਾਉਂਦੇ ਹਨ।

ਸੋ ਸਪੱਸ਼ਟ ਹੈ ਮੁੱਖ ਤੌਰ ਤੇ ਕੰਮ ਦੋ ਪਰਕਾਰ ਦੇ ਹਨ: ਪਦਾਰਥ ਦਾ ਰੂਪ ਬਦਲਣਾ ਤੇ ਕਿਸੇ ਨਾ ਕਿਸੇ ਤਰੀਕੇ ਨਾਲ ਕਾਮਿਆਂ ਦੀ ਮਿਹਨਤ ਨੂੰ ਹਥਿਆਉਣਾ। ਪਹਿਲੀ ਕਿਸਮ ਦੇ ਲੋਕ ਆਪਣਾ ਪੇਟ ਭਰਨ ਦੀ ਚਿੰਤਾ ਨਾਲ ਦੁਖੀ ਹਨ ਦੂਜੀ ਪਰਕਾਰ ਦੇ ਲੋਕ ਪੰਜ ਰੋਜ਼ਾ ਕ੍ਰਿਕਿਟ ਮੈਚ ਖੇਡਣ ਵਿਚ ਮਗਨ ਹਨ। ਵੇਖਣ ਨੂੰ ਇਉਂ ਜਾਪਦਾ ਹੈ ਜਿਵੇਂ ਸਾਰੇ ਕੰਮਾਂ ਵਿਚ ਲਗੇ ਹੋਏ ਹਨ।

ਪਹਿਲਾਂ ਘਰ ਹੀ ਛੋਟੇ ਛੋਟੇ ਉਦਯੋਗ ਸਨ ਪਰ ਹੁਣ ਘਰ ਉਪਭੋਗਤਾ ਕੇਂਦਰ ਬਣ ਕੇ ਰਹਿ ਗਏ ਹਨ। ਉਦਯੋਗੀਕਰਨ ਨਾਲ ਨਵੀਆਂ ਸ਼ਕਤੀਆਂ ਜਨਮੀਆਂ ਹਨ ਅਤੇ ਨਾਲ ਹੀ ਨਵੀਆਂ ਗਰੀਬੀਆਂ ਸਾਹਮਣੇ ਆਈਆਂ ਹਨ। ਮਸ਼ੀਨੀਕਰਨ ਨਾਲ ਮਜ਼ਦੂਰ ਨੂੰ ਕੁੱਝ ਵੀ ਸੋਚਣ ਦੀ ਲੋੜ ਨਹੀਂ ਰਹੀ। ਇਹ ਉਸ ਦੀ, ਮਾਨਸਿਕ ਬੀਮਾਰੀ ਦਾ ਅਰੰਭ ਹੈ। ਜਿਤਨਾ ਕਿਸੇ ਨੂੰ ਵੱਧ ਤੋਂ ਵੱਧ ਮੂਰਖ ਅਤੇ ਉਸੱਡ ਬਣਾਇਆ ਜਾ ਸਕਦਾ ਹੈ ਉਹ ਮਸ਼ੀਨਾਂ ਨੇ ਮਜ਼ਦੂਰਾਂ ਨੂੰ ਬਣਾ ਦਿੱਤਾ ਹੈ। ਮਸ਼ੀਨਾਂ ਦੀ ਆਵਾਸ਼ ਇਕ ਦੂਜੇ ਨੂੰ ਗਲ ਕਰਨ ਤੋਂ ਰੋਕਦੀ ਹੈ। ਇਸ ਬੋਰੀਅਤ ਤੋਂ ਛੁਟਕਾਰਾ ਪਾਉਣ ਲਈ ਉਹ ਸ਼ਰਾਬ ਪੀਂਦੇ ਹਨ। ਉਹਨਾਂ ਕੋਲ ਮਨਪਰਚਾਵੇ ਦੇ ਮਹਿੰਗੇ ਸਾਧਨ ਹੰਢਾਉਣ ਲਈ ਸਰਮਾਇਆ ਨਹੀਂ। ਮਜ਼ਦੂਰ ਇਸ ਲਈ ਗਰੀਬ ਹਨ ਕਿਉਂਕਿ ਉਹਨਾਂ ਦੇ ਬੱਚੇ ਬਹੁਤੇ ਹਨ ਤੇ ਬੱਚੇ ਵਧੇਰੇ ਹੋਣ ਕਰਕੇ ਹੀ ਉਹ ਗਰੀਬ ਰਹਿੰਦੇ ਹਨ। ਇਹ ਇੱਕ ਅਜਿਹਾ ਚੱਕਰ ਹੈ ਕਿ ਮਜ਼ਦੂਰ ਚਰਖ਼ਤੀ ਤੇ ਚੜ੍ਹਿਆ ਰਹਿੰਦਾ ਹੈ।

ਵਿਗਿਆਨੀਆਂ ਦਾ ਕਾਢਾਂ ਨਾਲ ਮਤਲਬ ਹੈ, ਬੰਦਿਆ ਨਾਲ ਨਹੀਂ। ਜਿਵੇਂ ਕਲਰੱਕਾਂ ਦਾ ਫਾਈਲਾਂ ਨਾਲ ਮਤਲਬ ਹੈ, ਵਿਅੱਕਤੀਆਂ ਨਾਲ ਨਹੀਂ। ਇਵੇਂ ਹੋਲੀ ਹੋਲੀ ਕੰਮ ਅਰਥ ਹੀਣ ਹੋਣ ਲਗ ਪੈਂਦਾ ਹੈ, ਸਿਲੇਬਸ ਨਿਰਾਰਥਕ ਹੋ ਜਾਂਦੇ ਹਨ। ਕੰਮ ਕਰਨ ਤੇ ਪੜ੍ਹਨ ਦੀ ਰੁਚੀ ਹੀ ਖਤਮ ਹੋ ਜਾਂਦੀ ਹੈ। ਇਵੇਂ ਕੰਮ ਜਿਹੜਾ ਜੀਵਨ ਦੀ ਮੁਖ ਟੇਕ ਹੈ, ਜਿਉਂਦੇ ਰਹਿਣ ਦਾ ਪੈਂਤੜਾ ਹੈ, ਅਨੰਦ ਪ੍ਰਾਪਤੀ ਦਾ ਸੋਮਾ ਹੈ, ਜ਼ਿੰਦਗੀ ਦੇ ਅਰਥ ਲਭਣ ਦਾ ਸਾਧਨ ਹੈ, ਇਕ ਸਰਾਪ ਬਣ ਜਾਂਦਾ ਹੈ, ਜਿਸ ਤੋਂ ਹਰ ਕੋਈ ਬਚਣਾ ਚਾਹੁੰਦਾ ਹੈ। ਅਜੇਕੀ ਪੀੜ੍ਹੀ ਬੜੀ ਮਿਹਨਤ ਨਾਲ ਕੰਮ ਤੋਂ ਬਚਣ ਦੇ ਨਵੇਂ ਤੋਂ ਨਵੇਂ ਢੰਗ ਲਭਣ ਵਿਚ ਮਗਨ ਹੈ।।

ਡਿਲੈਕਸ ਬੱਸ ਪੰਜਾਬ ਦੀ

ਕੰਵਲਪ੍ਰੀਤ ਕੌਰ ਗਿੱਲ

ਯਾਦ ਆਈ ਪੰਜਾਬ ਦੀ ਤੇ ਖਿਆਲ ਆਇਆ,
ਕਿਉਂ ਨ ਗੇੜਾ ਲਾ ਕੇ ਆਈਏ ਬਈ।

ਜਾ ਉਤਰੇ ਇੰਦਰਾ ਹਵਾਈ ਅੱਡੇ ਉਤੇ,
ਪੰਜਾਬ ਦੀ ਡਿਲੈਕਸ ਬੱਸ ਫੜ ਲਈ ਬਈ।

ਚਾਰ ਘੰਟੇ ਕਰ ਕੇ ਇੰਤਜ਼ਾਰ ਬੱਸ ਦਾ,
ਸ਼ੁਕਰ ਮਨਾਇਆ ਕਿ ਬੱਸ ਚਲ ਪਈ ਬਈ।

ਉਤਰ ਬੱਸ ਤੋਂ ਡਰਾਈਵਰ ਫੇਰ ਨਠਿਆ,
ਕਹਿੰਦਾ ਗੇਅਰ ਬਸ ਦਾ ਅੜ ਗਿਆ ਬਈ।

ਵੱਜ ਗਈਆਂ ਬਰੇਕਾਂ ਫਿਰ ਬੱਸ ਦੀਆਂ,
ਕਹਿੰਦਾ 2-4 ਹੋਰ ਸਵਾਰੀਆਂ ਚੜਾ ਲਈਏ ਬਈ।

ਦਿੱਲੀ ਤੋਂ ਨਿਕਲ ਬਾਹਰ ਜਦ ਟੀ.ਵੀ ਲਾਉਣ ਲੱਗੇ,
ਘਰਰ ਘਰਰ ਕਰਕੇ ਪਟਾਕਾ ਪੈ ਗਿਆ ਬਈ।

ਕੋਕ ਦੀਆਂ ਬੋਤਲਾਂ ਜਦ ਵੰਡਣ ਲੱਗੇ,
ਥੋੜੀ ਜਿਹੀ ਮਨ ਨੂੰ ਸ਼ਾਂਤੀ ਆਈ ਬਈ।

ਲਾ ਦਿਤੀ ਢਾਬੇ ਤੇ ਬੱਸ ਜਾ ਕੇ,
ਕਹਿੰਦੇ ਖੜਨੀ ਏ ਸਿਰਫ 15-20 ਮਿੰਟ ਲਈ ਬਈ।

ਨੱਠ ਨੱਠ ਕੇ ਖਾਧਾ ਪਰੌਂਠਾ ਇਕ ਆਲੂਆਂ ਦਾ,
ਗਲਾਸੀਆਂ ਛੇ ਚਾਹ ਦੀਆਂ ਪੀ ਲਈਆਂ ਬਈ।

ਤੁਰ ਪਈ ਡਿਲੈਕਸ ਬਸ ਸਿੱਧੀ ਮੋਗੇ ਨੂੰ,
ਲਾ ਕੇ ਜਲੰਧਰ ਦੀਆਂ ਸਵਾਰੀਆਂ ਲੁਧਿਆਣੇ ਬਈ।

ਪਤਾ ਨਹੀਂ ਕਿੰਨੇ ਕੁ ਘੰਟੇ ਲਾ ਦਿੱਤੇ,
ਕਹਿੰਦੇ ਡਿਲੈਕਸ ਬੱਸ ਛੇਈ ਘੰਟੀ ਪਹੁੰਚਾਉਂਦੀ ਬਈ।

ਜਦ ਵੀ ਆਉਂਦਾ ਏ ਚੇਤਾ ਡਿਲੈਕਸ ਬੱਸ ਦਾ,
ਕਰਦਾ ਏ ਚਿੱਤ ਕਮਲ ਦਾ ਪੰਜਾਬ ਨੂੰ ਫੇਰ ਜਾਣ ਦਾ ਬਈ।

Advertise in

"Punjabi Patrika"

BUSINESS PAGES 1999

Call For More Information (604) 852-2288

Lighthouse REALTY

Vancouver Toll Free 649-4871

PARM JUDGE 855-7393 Anytime

Just Listed ਨਵਾਂ ਘਰ 1575 sqft ਉਪਰ ਫੈਮਲੀ ਰੂਮ, ਹੇਠਾਂ ਦੋ ਬੈਡਰੂਮ ਸੂਈਟ ਤੇ ਗੈਰਾਜ Asking $229,500 May Trade

Apartment For Sale
ਸਿਰਫ 4 ਸਾਲ ਨਵਾਂ ਦੋ ਬੈਡਰੂਮ ਅਪਾਰਟਮੈਂਟ ਵਿਕਾਊ
ਮਹੀਨੇ ਦੀ ਪੇਅਮੈਂਟ $600 ਤੋਂ ਵੀ ਘੱਟ - 2 Baths- 5 Major Appliances & Blinds Included
ਕੀਮਤ ਸਿਰਫ $95,900

.20-Acre Lot –

EYE CLINIC

Dr. Hardeep S. Bhangu - ਅੱਖਾਂ ਦੇ ਡਾਕਟਰ

Full Eye Testing, Glasses & Contact Lenses

ਆਪ ਜੀ ਨੂੰ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਤੁਹਾਡੇ ਸ਼ਹਿਰ ਸਰੀ ਅਤੇ ਐਬਰਸਫੋਰਡ ਵਿੱਚ
ਅੱਖਾਂ ਦੇ ਪਹੁਤ ਪ੍ਰਸਿਧ ਤਜਰਬੇਕਾਰ ਅਤੇ ਮਾਹਿਰ ਡਾਕਟਰ ਆ ਗਏ ਹਨ।
ਆਪ ਦੀ ਸਹੂਲਤ ਲਈ ਇਥੇ ਹਰ ਪ੍ਰਕਾਰ ਦੀਆਂ ਐਨਕਾਂ ਅਤੇ ਕੌਨਟੈਕਟ ਲੈਨਜ਼ ਦੀ ਤਸੱਲੀਬਖਸ਼ ਫਿਟਿੰਗ ਕੀਤੀ ਜਾਂਦੀ ਹੈ।

ਅੱਖਾਂ ਦੀ ਤੰਦਰੁਸਤੀ ਲਈ ਹਰ ਤਰਾਂ ਦੀ ਪਰਖ ਜਿਵੇਂ ਮੋਤੀਆ, ਕੁੱਕਰੇ, ਧੁੰਦਲਾ ਦਿਸਣਾ, ਅੱਖਾਂ ਵਿਚੋਂ ਪਾਣੀ ਵਗਣਾ, ਆਦਿ ਲਈ ਪੂਰੇ ਟੈਸਟ ਕੀਤੇ ਜਾਂਦੇ ਹਨ। ਹਰ ਤਰਾਂ ਦੀਆਂ ਐਨਕਾਂ ਅਤੇ ਕੌਨਟੈਕਟ ਲੈਨਜ਼ ਆਦਿ ਵਧੀਆ ਰੇਟਾਂ ਤੇ ਫਿੱਟ ਕੀਤੇ ਜਾਂਦੇ ਹਨ।
ਬੱਚਿਆਂ ਅਤੇ ਬਜ਼ੁਰਗਾਂ ਨੂੰ 10% ਡਿਸਕਾਊਂਟ

EYE TESTING
- Eye Examinations
- Children's Eye Testing
- Laser & Cataract Surgery (co-management)

OPTICAL SERVICES
- Eyeglasses & Contact Lenses
- FREE trial contact lenses (including COLORED) with eye exam
- Seniors, Children & Students get additional 10% OFF

ABBOTSFORD
(604) 852-0050 or 852-0072
Ellwood Eye Clinic (Ellwood Plaza)
#5 - 31205 Old Yale Road
(corner of Townline & Old Yale Road)

SERVICE IN ENGLISH, PUNJABI & HINDI

SURREY
(604) 588-3937
A & A Place
#210 - 9278 - 120th St.
(next to Payal Plaza)

from page 9

ਕਾਇਮਰੱਖਣ ਵਿਚ ਫਖਰ ਮਹਿਸੂਸ ਕਰਦਾ ਸੀ। ਵੇਖੋ ਨਾ ਸੱਤ ਵਲ ਫੇਰ ਪਾਕੇ, ਸਤਾਂ ਹਰਫਾਂ ਵਾਲਾ ਆਪਣਾ ਪ੍ਰਸੰਸ਼ਿਕ ਆਪ ਈ ਬਣ ਬੈਠਾ ਸੀ। ਲਿਕੱਰ ਵੀ ਸੱਤੇ ਦਿਨ ਵੀ ਮਿਲ ਜਾਂਦੀ ਹੈ, ਲਿਕਰ ਸਟੋਰ ਭਾਵੇਂ ਛੇ ਦਿਨ ਹੀ ਖੋਲ੍ਹਦਾ ਹੈ। ਕਿਵੇਂ? ਆਪ ਹੀ ਬੁਝ ਲੋ।

ਆਉ ਹੁਣ ਜਗ ਇਸ ਗੱਲ ਤੇ ਵੀ ਨਜ਼ਰਸਾਨੀ ਕਰ ਲਈਏ ਕਿ ਸਾਤੇ ਦੇ ਅੰਕ ਨੇ, ਲੰਗਰ ਛਕਨ ਦੀ ਰਹਿਤ ਮਹਿਯਾਦਾ ਬਾਰੇ ਮੌਜੂਦਾ ਸਥਾਨਿਕ ਝਗੜੇ ਅਥਵਾ ਮਤ ਭੇਤ ਵਿਚ ਆਪਣਾ ਰੁਹਬ, ਦਬਦਬਾ ਅਤੇ ਪ੍ਰਭਾਵ ਕਿਵੇਂ ਬਣਾਈ ਰਖਿਆ। ਕਿਵੇਂ ਰਰਦਿਲਅਜ਼ੀਜ਼ ਬਣਿਆ ਰਿਹਾ।

ਸਭ ਤੋਂ ਪਹਿਲਾ ਜਿਸ ਕਸਬੇ ਵਿਚ ਇਹ ਅੱਧਮੂਲ ਖੜ੍ਹਾ ਹੋਇਆ, ਉਹ ਐਬਟਸਫੋਰਡ ਨਾਂ ਦਾ ਟਾਊਨ ਹੀ ਸੱਤਾਂ ਅਖਰਾਂ ਵਿਚ ਲਿਖਿਆ ਜਾਂਦਾ ਹੈ। ਦੂਜੇ ਨੰਬਰ ਤੇ ਜਿਸ ਗੁਰਦੁਆਰਾ ਸਾਹਿਬ ਵਿਚ ਇਹ ਘਟਨਾ ਵਾਪਰੀ, ਉਸ ਗੁਰੂ ਘਰ ਦੀ ਅਸਾਰੀ ਸੰਨ 1911 ਵਿਚ ਹੋਈ ਸੀ ਅਤੇ 1911 ਦੀ ਸੰਖਿਆ ਵੀ ਸਾਤੇ ਦੇ ਅੰਕ ਤੇ ਪੂਰੀ ਪੂਰੀ ਭਾਗ ਹੋ ਜਾਂਦੀ ਹੈ। ਅਗਲੀ ਗੱਲ ਸਭ ਤੋਂ ਪਹਿਲਾਂ ਗੁਰੂ ਘਰ ਦੀ ਕਮੇਟੀ ਦੇ ਸੱਤ ਹੀ ਮੈਂਬਰਾਂ ਨੇ ਪ੍ਰਧਾਨ ਦੇ ਖਿਲਾਫ ਬਗ਼ਾਵਤ ਦਾ ਝੰਡਾ ਬਲੰਦ ਕੀਤਾ। ਬਾਦ ਵਿਚ ਇਕ ਅਧ ਹੋਰ ਵੀ ਭਾਵੇਂ ਛੜੱਪਾ ਮਾਰ ਕੇ ਲਕੀਰ ਟੱਪ ਗਿਆ। 20 ਅਪਰੈਲ 1998 ਨੂੰ ਹੁਕਮਨਾਮਾ ਜਾਰੀ ਹੋਣ ਤੋਂ ਠੀਕ 42 ਦਿਨ ਪਿਛੋਂ ਪਹਿਲੀ ਜੂਨ 1998 ਦੀ ਰਾਤ ਨੂੰ ਕੁਰਸੀਆਂ ਚੋਰੀ ਚੱਕੀਆਂ ਗਈਆਂ। ਇਥੇ ਵੀ ਸਾਤੇ ਦਾ ਜਾਦੂ ਸਿਰ ਚੜ੍ਹ ਕੇ ਬੋਲਿਆਕਿਉਂ ਜੋ ਇਹ 42 ਦਿਨਾਂ ਦਾ ਅਰਸਾ ਵੀ ਸਾਤੇ ਦੇ ਪੂਰਾ ਪੂਰਾ ਵੰਡਿਆ ਜਾ ਸਕਦਾ ਹੈ। ਸੱਤਾਂ ਅਖਰਾਂ ਦੇ ਨਾਂ ਵਾਲੇ ਨਿਰਮਲ ਚਾਹਲ ਦੇ ਕਾਨੂੰਨੀ ਨੁਕਤੇ ਨੇ ਹੀ ਕਮੇਟੀ ਭੰਗ ਕਰਵਾਈ। ਪਹਿਲੇ ਫੈਸਲੇ ਅਨੁਸਾਰ ਜੱਜ ਨੇ ਚਨਾਉ ਕਰਵਾਉਣ ਦੀ ਹੱਦ ਦੀ ਆਖਰੀ ਮਿਤੀ ਵੀ ਸਤਵੇਂ ਮਹੀਨੇ ਦੀ ਹੀ 31 ਤਾਰੀਖ ਮਿਥੀ ਸੀ। ਪੱਕਾ ਤਾਂ ਕਹਿ ਨਹੀਂ ਸਕਦਾ, ਪਰ ਉੜਦੀ ਜਿਹੀ ਇਹ ਸਤੇਤ ਵੀ ਕੰਨੀ ਪਈ ਸੀ ਕਿ ਦੋਹਾਂ ਧਿਰਾਂ ਨੇ ਗੋਲਕਾਂ ਕਮਰਿਆਂ ਨੂੰ ਹੇਠ ਉਤੇ ਸਤ ਹੀ ਜਿੰਦਰੇ ਲਾਲੇ, ਬਦਲੇ ਜਾਂ ਤੋੜੇ ਭੰਨੇ ਸੀ। ਵਾਹਿਗੁਰੂ ਸੁਮੱਤ ਬਖਸ਼ੇ।

ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲੇ ਸੱਤ ਹੀ ਵਿਅੱਕਤੀਆਂ ਨੂੰ ਤਨਖਾਈਏ ਕਰਾਰ ਦਿਤਾ। ਸਤਵੇਂ ਮਹੀਨੇ ਦੀ ਹੀ 25 ਤਾਰੀਖ ਤਕ ਉਹਨਾਂ ਨੂੰ ਅਕਾਲ ਸਾਹਿਬ ਤੇ ਪੇਸ਼ ਹੋਣ ਦਾ ਹੁਕਮ ਦਿਤਾ ਗਿਆ ਅਤੇ ਸਤਵੇਂ ਮਹੀਨੇ ਵਿਚ ਹੀ ਪੰਥ ਚੋਂ ਛੇਕਿਆ ਗਿਆ।

ਅੰਗਰੇਜ਼ੀ ਵਿਚ ਸਤਾਂ ਹਰਫਾਂ ਨਾਲ ਲਿਖੇ ਜਾਣ ਵਾਲੇ ਗੁਆਂਢੀ ਟਾਊਨ ਮਿਸ਼ਨ ਵੀ ਵੋਟਾਂ ਵਿਚ ਇਕ ਧਿਰ ਦੀ ਡਟ ਕੇ ਹਮਾਇਤ ਕਰਨ ਦਾ ਵਿਸ਼ਵਾਸ ਦਵਾ ਚੁਕਿਆ ਹੈ। ਹੁਣ ਤੱਕ ਤਾਂ ਸਾਰੀ ਸੰਗਤ ਦੋਹਾਂ ਧਿਰਾਂ ਨੂੰ ਸੱਤ ਬਚਨ ਸੱਤ ਬਚਨ ਕਹੀ ਜਾ ਰਹੀ ਹੈ, ਪਰ ਇਹ ਤਾਂ ਵਾਹਿਗੁਰੂ ਹੀ ਜਾਣਦਾ ਹੈ ਕਿ ਆਖਿਰ ਵਿਚ ਕੀ ਗੁਲ ਖਿਲਦਾ ਹੈ ਤੇ ਵੈਗਣੀ ਉਘੜਦਾ ਹੈ। ਸੱਤਾਂ ਦਿਨਾਂ ਪਿਛੋਂ ਛਪਦੇ ਹੀ, ਪੰਜਾਬੀ ਦੇ ਦੋ ਦੋ ਅਖਬਾਰਾਂ ਨੂੰ ਸਟੋਰਾਂ ਤੇ ਰਖ ਕੇ ਵੇਚਨ ਜਾਂ ਨਾ ਵੇਚਨ ਦਾ ਵਾਦ ਵਿਵਾਦ ਚਲ ਰਿਹਾ ਹੈ। ਇਸ ਪ੍ਰਕਾਰ ਮੀਡੀਏ ਤੇ ਵੀ ਸਾਤ੍ਰ ਸਤੀ ਆਈ ਹੋਈ ਹੈ।

6 ਅਗਸਤ 1998 ਨੂੰ, ਸਾਤੇ ਨੇ ਆਪਣਾ ਆਖਰੀ ਮਜੀਠੀਆ ਰੰਗ ਵਖਾ ਦਿਤਾ ਜਦੋਂ ਬੀ.ਸੀ ਦੀ ਇਕ ਸੁਪਰੀਮ ਕੋਰਟ ਦੇ ਮਾਣਯੋਗ ਫਾਜ਼ਲ ਜੱਜ ਨੇ, ਦੋਹਾਂ ਧਿਰਾਂ ਚੋਂ ਤਿੰਨ ਤਿੰਨ ਪ੍ਰਤੀਨਿਧ ਲੈ ਕੇ ਛੇ ਮੈਂਬਰਾਂ ਦੀ ਇਕ ਦੇਖ ਰੇਖ ਕਮੇਟੀ ਦਾ ਗਠਨ ਕਰ ਦਿਤਾ, ਪਰ ਪ੍ਰਧਾਨ ਨੂੰ ਦੋ ਵੋਟਾਂ ਦਾ ਹੱਕ ਦੇ ਕੇ ਵੋਟਾਂ ਦੀ ਗਿਣਤੀ ਸੱਤਕਰ ਦਿਤੀ।

ਬੱਸ ਹੁਣ ਆਖਰੀ ਇਕ ਦੋ ਨੁਕਤੇ ਹੋਰ ਦੱਸ ਕੇ ਬਿਆਨ ਬੰਦ ਕਰਦਿਆਂਗਾ। ਜਿਸ ਤਰ੍ਹਾਂ ਕੋਈ ਸੂਰਦਾਸ ਸੱਤਾਂਖੂਹਾਂ ਦਾ ਪਾਣੀ ਮੰਗਵਾਕੇ ਟੂਣਾ ਕਰਕੇ ਦਿੰਦਾ ਹੈ, ਉਵੇਂ ਹੀ ਕਨੇਡਾ ਦੇ ਵਾਸੀ ਸੱਤ ਵਾਰੀ ਮਿਨਤਾਂ ਕਰਵਾਕੇ ਸਾਕ ਦਿੰਦੇ ਜਾਂ ਲੈਂਦੇ ਹਨ। ਕਨੇਡਾ ਆਪਣੇ ਵਿਚ ਵਾੜਨ ਲਈ ਸਾਨੂੰ ਸੱਤ ਪ੍ਰਕਾਰ ਦੀਆਂ ਲਿੱਚ ਗੜਿਚੀਆ ਮਾਰਨ ਲਈ ਮਜਬੂਰ ਕਰਦਾ ਹੈ। ਜੇ ਕੋਈ ਸੱਤ ਵਾਰੀ ਚਾਹੇ ਤਾਂ ਇਹਨਾਂ ਸੱਤ ਅੰਕਾਂ 8,5,4,4,2,2,8 ਦਾ ਸਹਾਰਾ ਲੈਕੇ, ਉਮਰ ਦੇ ਸੱਤ ਦਹਾਕੇ ਪਾਰ ਕਰ ਚੁਕੇ, ਸੱਤਾਂ ਅਖਰਾਂ ਵਾਲੇ ਫੈਮਲੀ ਨਾਮ ਢਿਲੋਂ ਲੇਖਿਕ ਤੋਂ ਸ਼ੰਕੇਦੂਰ ਕਰ ਸਕਦਾ ਹੈ। ਲਿਮਟ ਸੱਤ ਸ਼ੰਕੇ। ਸੱਤ ਆਖਰੀ ਨਾਂ ਵਾਲੇ ਪੰਜਾਬੀ ਪਤ੍ਰਿਕਾ' ਅਖਬਾਰ ਵਿਚ ਹੀ ਤੁਸੀਂਸਾਤੇ ਅੰਕ ਦੀ ਮਹਿਮਾ ਪੜ੍ਹ ਰਹੇ ਹੋ।

DETAILS FROM THE DEBATE ON BILL 26

Amendments

The BC Liberals persuaded the Minister of Labour to accept a few amendments. While they were minor, they will lessen the damaging impact of the legislation:
- -Clarifying the language prohibiting strikes over jurisdictional disputes.
- -Restricting application of section 55.14 to only collective agreements signed in the future.

Limiting Scope

Officials must consider comments made by a Minister during a legislative debate when they interpret legislation. The BC Liberals succeeded in getting the following commitments:
- -The legislation will only apply if a majority of the projects falls within the Industrial, Commercial and Institutional (ICI) sector. In other words, a project that is 45% ICI and 55% residential would NOT be considered ICI and therefore not subject to legislation.
- -Horizontal construction projects, (pipelines, sewers, power lines, roads, etc.) are not considered ICI.
- -The classification of a "project" is determined by how it is tendered. For example, if a road and a bridge are tendered seperately, the road is not ICI but the bridge may be. If they are tendered together, it would NOT be ICI.
- -Even though it was not in Bill 26, the Minister committed the government to implementing the recommendation that fresh membership support for certification be given.

ABBY DRIVING SCHOOL

3422 Valdes Drive, Abbotsford, B.C.

Ph: (604) 870-4777 • Cell: (604) 309-2444

* ਗਰੰਟੀਸ਼ੁਦਾ - ਘੱਟ ਰੇਟ, ਤਸੱਲੀਬਖਸ਼ ਟਰੇਨਿੰਗ, ਵਧੀਆ ਵਰਤਾਓ।
* ਪੰਜਾਬੀ ਅਤੇ ਅੰਗਰੇਜ਼ੀ ਵਿੱਚ ਟਰੇਨਿੰਗ - ਜਿਵੇ ਤੁਸੀ ਚਾਹੋਗੇ।
* ਸਾਡੇ ਇਨਸਟ੍ਰਕਟਰਜ਼ ਸਰਕਾਰੀ ਮਾਨਤਾ ਪ੍ਰਾਪਤ ਹਨ।
* ਸਾਡੇ ਪਾਸ ਲੇਡਿਜ਼ ਇਨਸਟ੍ਰਕਟਰਜ਼ ਵੀ ਹਨ।

Harjinder K. Sidhu
ਹਰਜਿੰਦਰ ਕੌਰ ਸਿੱਧੂ

- Guaranteed low rates, quality training
- Training can be obtained in both Punjabi & English
- Government qualified instructors
- Ladies instructors also available



ਐਬੀ ਡਰਾਇਵਿੰਗ ਸਕੂਲ

ਪੂਸੀ ਅਤੇ ਟੌਮੀ

(ਗੁਰਬਚਨ ਕੌਰ ਢਿਲੋਂ, ਪਿੰਡ ਮੈਹਰੋਂ ਮੋਗਾ)

ਪੂਸੀ (ਬਲੂੰਗੜਾ) ਕੂਲੇ ਕੂਲੇ ਵਾਲਾਂ ਵਾਲੀ, ਗੋਹੜੇ ਵਰਗੀ ਚਿੱਟੀ, ਨਿਕੀ ਜਿਹੀ ਜਾਨ ਸੀ। ਅਸੀਂ ਸ਼ਹਿਰ ਵਿਚ ਨਵਾਂ ਨਵਾਂ ਘਰ ਪਾਇਆ ਸੀ। ਮਕਾਨ ਦੇ ਮੂਹਰੇ ਸੜਕ ਉਤੇ ਦੁਕਾਨਾਂ ਕੱਢੀਆਂ ਸਨ। ਹਲਵਾਈ ਵਾਲੀ ਦੁਕਾਨ ਵਿਚ ਵੱਡੇ ਵੱਡੇ ਚੂਹੇ ਸਨ। ਨਾਲੀ ਰਾਹੀਂ ਉਹ ਸਾਡੇ ਸੀਦੂਕ ਉਤੇ ਆ ਚੜ੍ਹਦੇ। ਪਿਛਲੇ ਕਮਰੇ ਦੀ ਜੋਤੀਟ੍ਰਕ ਕੇ, ਵਚਾਲੇ ਦੇ ਕਮਰੇ ਵਿਚ ਵੀ ਆਉਣ ਲਗ ਪਏ। ਕੁੱਤਕੀ, ਪਿੰਜਰਾ, ਜਾਂ ਜ਼ਹਿਰੀਲੀ ਦਵਾਈ ਉਹਨਾਂ ਨ੍ਹੂੰ ਕੋਈ ਠੱਲ੍ਹ ਨਾ ਪਾ ਸਕੀ। ਇਕ ਦਿਨ ਕਿਸੇ ਹੰਢੀ ਹੋਈ ਗੁਆਂਢਣ ਨੇ ਬਿੱਲੀ ਪਾਲਣ ਦੀ ਸਲਾਹ ਦਿਤੀ।

ਗਰਮੀ ਦੀਆਂ ਛੁੱਟੀਆਂ ਵਿਚ, ਮੇਰੀ ਲੜਕੀ ਕੁਛ ਦਿਨਾਂ ਲਈ ਨਾਨਕੇ ਪਿੰਡ ਗਈ। ਉਥੇ ਪੂਸੀ ਦੀ ਮਾਂ ਆਪਣੇਤਿੰਨਾਂ ਬਲੂੰਗੜਿਆਂ ਨੂੰ, ਦੁੱਧ ਚੁਆਉਂਦੀ ਹੋਈ ਵਿਸਮਾਦ ਵਿਸਮਾਦ ਹੋ ਰਹੀ ਸੀ। ਮੇਰੇ ਭਤੀਜੇ ਨੇ ਰੂਪ ਦੀ ਲੱਦੀ ਹੋਈ ਦੁੱਧ ਚੁੰਘਦੀ ਪੂਸੀ ਦੇ ਮੂੰਹ ਚੋਂ ਮਾਂ ਦਾ ਥਨ ਛਡਵਾ ਕੇ, ਪਲਾਸਟਕ ਦੀ ਟੋਕਰੀ ਵਿਚ ਪਾ ਦਿਤੀ। ਟੋਕਰੀ ਦਾ ਮੂੰਹ ਧਾਗੇ ਨਾਲ ਬੰਦ ਕਰ ਦਿਤਾ। ਮੇਰੀ ਲੜਕੀ ਦੇ ਮੂੰਹ ਤੇ ਮਣਾ ਮੂੰਹੀਂ ਖੇੜਾ ਸੀ। ਉਸ ਨੇ ਟੋਕਰੀ ਚੱਕੀ ਅਤੇ ਬਸ ਰਾਹੀਂ ਘਰ ਪਹੁੰਚ ਗਈ। ਅਜ ਸਾਡੀ ਚਿਰੋਕੀ ਲੋੜ ਪੂਰੀ ਹੋ ਗਈ ਸੀ। ਸਾਰਾ ਪ੍ਰਵਾਰ ਫੁਲਿਆ ਨਹੀਂ ਸੀ ਸਮਾਉਂਦਾ।

ਪੂਸੀ ਦੀ ਦੇਖ ਭਾਲ ਇਕ ਮਾਨਸ ਦੇ ਬੱਚੇ ਵਾਂਗ ਕੀਤੀ ਜਾਂਦੀ। ਟਾਇਮ ਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਜਾਂਦਾ। ਦੁੱਧ ਤੋਂ ਅੱਕ ਜਾਂਦੀ ਤਾਂ ਬਜਾਰੋਂ ਮੀਟ ਲਿਆ ਕੇ ਪਾਇਆ ਜਾਂਦਾ। ਗੱਦੀਆਂ ਵਿਛਾ ਕੇ ਧੁੱਪੇ ਛਾਵੇਂ ਕੀਤਾ ਜਾਂਦਾ। ਕਨੇਡਾ ਦੀਆਂ ਬਿੱਲੀਆਂ ਵਾਂਗ ਹੀ ਪੂਸੀ ਦੀ ਸੇਵਾ ਕੀਤੀ ਜਾਂਦੀ।

ਸਾਰਾ ਪ੍ਰਵਾਰ ਪੂਸੀ ਨਾਲ ਪਿਆਰ ਕਰਦਾ ਸੀ। ਸਾਡੇ ਘਰ ਦੇ ਚੂਹੇ ਖਤਮ ਹੋ ਚੁੱਕੇ ਸਨ। ਜਦੋਂ ਮੈਂ ਜਾਂ ਬੱਚੇ ਸਕੂਲੋਂ ਆਉਂਦੇ ਤਾਂ ਪੂਸੀ ਸਾਡੇ ਪੈਰਾਂ ਨੂੰ ਲਿਪਟ ਜਾਂਦੀ। ਨਾਲ ਘਸਤ ਘਸਤ ਕੇ ਪਿਆਰ ਕਰਦੀ। ਘਰ ਬਾਹਰ ਵਾਰ ਹੋਣ ਕਰਕੇ ਪੂਸੀ ਤੇ ਬਾਹਰੋਂ ਆਏ ਬਿੱਲੇ ਦਾ ਹਮਲਾ ਹੋਣ ਲੱਗ ਪਿਆ। ਇਕ ਵਾਰ ਤਾਂ ਪੂਸੀ ਕਾਫੀ ਜਖ਼ਮੀ ਹੋ ਗਈ। ਸਾਰੇ ਪ੍ਰਵਾਰ ਨੇ ਰਲਕੇ ਡੰਗਰ ਡਾਕਟਰ ਤੋਂ ਉਸ ਦਾ ਇਲਾਜ ਕਰਵਾਇਆ ਅਤੇ ਠੀਕ ਕੀਤੀ, ਪਰ ਪ੍ਰਵਾਰ ਬਿੱਲੇ ਹਥੋਂ ਕਾਫੀ ਚਿੰਤਾਤਰ ਰਹਿੰਦਾ। ਇਸ ਚਿੰਤਾ ਨੇ ਸਭ ਦੀ ਨੀਂਦ ਖਰਾਬ ਕਰ ਛੱਡੀ ਸੀ।

ਅਚਾਨਕ ਇਕ ਦਿਨ ਕਾਟੋ ਵਰਗੀ ਭਾਰੀ ਪੂਛਲ ਵਾਲਾ ਕੁੱਤਾ (ਟੌਮੀ) ਸਾਨੂੰ ਮਿਲ ਗਿਆ ਜਿਹੜਾ ਛੋਟੀ ਉਮਰਦਾ, ਪੂਸੀ ਨਾਲੋਂ ਵੱਡਾ ਸੀ। ਘਰ ਦੇ ਖਾਲੀ ਪਲਾਟ ਵਿਚ ਬੈਠੇ ਨੇ ਬਿੱਲੇ ਦੇ ਆਣ ਦਾ ਮੁਕਾਬਲਾ ਕੀਤਾ। ਲੜਾਈ ਹੁੰਦੀ ਸੁਣ ਕੇ ਅਸੀਂ ਸਾਰੇ ਜਾਗ ਪਏ। ਉਸ ਦਿਨ ਪੂਸੀ ਦੀ ਜਾਨ ਮਸਾਂ ਬਚੀ ਸੀ। ਧੌਣ ਉਤੇ ਡੰਘਾ ਜਖ਼ਮ ਹੋ ਗਿਆ ਸੀ। ਪੂਸੀ ਨੂੰ ਕਾਫੀ ਦਿਨ ਟੋਕਰੇ ਹੇਠ ਦੇ ਕੇ ਰਖਿਆ ਗਿਆ। ਡੰਗਰ ਡਾਕਟਰ ਸਾਡੀ ਰਿਸ਼ਤੇਦਾਰੀ ਚੋਂ ਸੀ। ਉਹ ਕਈ ਦਿਨ ਘਰ ਆਕੇ ਮਲ੍ਹਮ ਲਾਉਂਦਾ ਰਿਹਾ। ਉਸ ਨੇ ਸਾਨੂੰ ਦਸਿਆ ਸੀ ਕਿ ਜੇ ਬਿੱਲੀ ਦਾ ਮੂੰਹ ਜਖ਼ਮ ਤੇ ਪਹੁੰਚਦਾ ਹੋਵੇ, ਤਾਂ ਉਹ ਚੱਟ ਚੱਟ ਕੇ ਖੁਦ ਹੀ ਇਲਾਜ ਕਰ ਲੈਂਦੀ ਸੀ, ਪਰ ਸਾਡੀ ਪੂਸੀ ਦਾ ਧੌਣ ਦੇ ਉਤੇ ਮੂੰਹ ਨਹੀਂ ਜਾਂਦਾ ਸੀ, ਇਸ ਵਾਸਤੇ ਮਲ੍ਹਮ ਲੌਣੀ ਪੈਣੀ ਸੀ। ਉਹਨਾਂ ਦਿਨਾਂ ਵਿਚ ਟੌਮੀਪੂਸੀ ਦੇ ਸਰਾਹਣੇ ਬੈਠਾ ਰਹਿੰਦਾ। ਜਦੋਂ ਅਸੀਂ ਪੂਸੀ ਨੂੰ ਕੁਛ ਖੁਆਉਣ ਪਿਉਣ ਲਈ ਟੋਕਰਾ ਉਠਾਉਂਦੇ ਤਾਂ ਟੌਮੀ ਬਰਾਬਰ ਖੜਾ ਪੂਛ ਹਿਲਾ ਹਿਲਾ ਦੇਖਦਾਂ ਰਹਿੰਦਾ। ਜਦੋਂ ਅਸੀਂ ਟੋਕਰਾ ਸਿੱਧਾ ਕਰਕੇ, ਵਿਚ ਕਪੜਾ ਸਿੱਟ ਕੇ ਪੂਸੀ ਨੂੰ ਧੁੱਪੇ ਪਾਉਂਦੇ, ਤਾਂ ਟੌਮੀ ਆਪਣੀ ਭੁੱਖ ਤੇਹ ਤਿਆਗ ਕੇ ਉਸ ਦੇ ਸਰਾਹਣੇ ਹੀ ਬੈਠਾ ਰਹਿੰਦਾ।

ਟੌਮੀ (ਕੁੱਤਾ) ਸਾਡੇ ਗੁਆਂਢੀ ਮੁੰਡਿਆਂ ਨੂੰ ਉਹਨਾਂ ਦੀ ਦੁਕਾਨ ਤੋਂ ਮਿਲਿਆ ਸੀ। ਆਪਣੇ ਮਾਲਕ ਨਾਲੋਂ ਖੁੰਝ ਕੇਉਸ ਨੇ ਦੁਕਾਨ ਦਾ ਸਹਾਰਾ ਆ ਲਿਆ ਸੀ। ਉਸ ਦਾ ਮਾਲਕ ਕਣਕ ਦਾ ਗੱਡਾ ਲੱਦ ਕੇ ਸ਼ਹਿਰ ਦੀ ਮੰਡੀ ਲਿਆ ਰਿਹਾ ਸੀ। ਟੌਮੀ ਮੱਲਕੜੇ ਜਿਹੇ ਮਾਲਕ ਦੇ ਗੰਡੇ ਦੇ ਪਿਛੇ ਹੋ ਤੁਰਿਆ। ਸ਼ਹਿਰ ਵੜਦਿਆਂ ਹੀ ਟੌਮੀ ਗੁਆਚ ਕੇ, ਇਕ ਦੁਕਾਨ ਅੱਗੇ ਸਾਰਾ ਦਿਨ ਬੈਠਾ ਰਿਹਾ ਅਤੇ ਸਾਰੀ ਦਿਹਾੜੀ ਮੁੰਡਿਆਂ ਦਾ ਧਿਆਨ ਆਪਣੇ ਵੱਲ ਖਿਚਦਾ ਰਿਹਾ। ਉਹਨਾਂ ਨੇ ਟੌਮੀ ਨੂੰ ਪਾਣੀ ਧਾਣੀ ਵੀ ਪਿਆਇਆ। ਸ਼ਾਮ ਨੂੰ ਉਸ ਨੂੰ ਨਖਸਮਾ ਸਮਝ ਕੇ, ਬੁਕਲ ਦੇਪਾਕੇ ਘੱਰ ਲੈ ਆਏ। ਉਸੇ ਦਿਨ ਹੀ ਉਸ ਨੇ ਨਿਕੀ ਜਿਹੀ ਕੰਧ ਟੱਪ ਕੇ ਪੂਸੀ ਨੂੰ ਆਣ ਬਚਾਇਆ ਤੇ ਫੇਰ ਬਾਕੀ ਰਾਤ ਪੂਸੀ ਦੇ ਸਰਾਹਣੇ ਹੀ ਬਤਾਈ। ਸਵੇਰੇ ਉਠ ਕੇ ਅਸੀਂ ਟੌਮੀ ਨੂੰ ਪਿਆਰ ਕਰਦੇ, ਦੁੱਧ ਪਾਉਂਦੇ, ਸਿਰ ਉਪਰ ਹੱਥ ਫੇਰਦੇ, ਤਨੋ ਮਨੋ ਉਸ ਦੇ ਕਰਤਿਗਿਆ ਹੋਕੇ ਪੁਚਕਾਰਦੇ, ਉਸ ਦੀ ਮਿਹਰਬਾਨੀ ਤੋਂ ਵਾਰੇ ਵਾਰੇ ਜਾ ਰਹੇ ਸਾਂ। ਅਗਲੇ ਦਿਨ ਐਤਵਾਰ ਦੁਪਹਿਰ ਤੱਕ ਟੌਮੀ ਆਪਣੇ ਘਰ ਨਾ ਗਿਆ। ਸਾਡੇ ਲੜਕੇ ਨੇ ਗੁਆਂਢੀਆਂ ਦੇ ਘਰ ਜਾਕੇ ਰਾਤ ਵਾਲੀ ਗੱਲ ਦੱਸੀ ਅਤੇ ਕਿਹਾ,'ਹੁਣ ਵੀ ਪੂਸੀ ਦੇ ਸਰਾਹਣੇ ਹੀ ਪਿਆ ਸੀ।' ਇਹ ਸੁਣ ਕੇ ਗੁਆਂਢੀ ਮੁੰਡੇ ਸਾਡੇ ਘਰ ਆਏ, ਤਾਂ ਦੇਖ ਕੇ ਬੜੇ ਹੈਰਾਨ ਹੋਏ। ਨਾਲਹੀ ਕਿਹਾ ਕਿ ਉਹਨਾਂ ਦੇ ਘਰ ਟੌਮੀ ਦਾ ਦਿਲ ਨਹੀਂ ਲਗਦਾ ਸੀ। ਸੋ ਉਸ ਦਿਨ ਤੋਂ ਟੌਮੀ ਪੱਕੀ ਤਰ੍ਹਾਂ ਉਹਨਾਂ ਸਾਨੂੰ ਹੀ ਸੌਂਭਾਲ ਦਿਤਾ। ਹੁਣ ਪੂਸੀ ਅਤ ਟੌਮੀ ਦੋਨੋਂ ਸਾਡੇ ਸਨ।

ਕੁਛ ਦਿਨਾਂ ਬਾਅਦ ਪੂਸੀ ਰਾਜੀ ਹੋਕੇ ਗੁਆਂਢੀਆਂ ਦੀਆਂ ਕੰਧਾਂ ਟੱਪਣ ਲਗ ਪਈ, ਪਰ ਟੌਮੀ ਉਸ ਦੇ ਮਗਰੇ ਹੀਕੰਧ ਟੱਪ ਜਾਂਦਾ। ਕਿਸੇ ਨਾ ਕਿਸੇ ਤਰ੍ਹਾਂ ਉਸ ਨੂੰ ਮੋਤ ਕੇ ਘਰ ਲੈ ਆਉਂਦਾ। ਟੌਮੀ ਦੀ ਹੋਂਦ ਸਦਕਾ, ਬਿੱਲਾ ਵੀਕਦੇ ਨਹੀਂ ਸੀ ਆਇਆ। ਖਾਲੀ ਪਲਾਟ ਵਿਚ ਟੌਮੀ ਤੇ ਪੂਸੀ ਇਕ ਦੂਜੇ ਦੇ ਅੱਗੇ ਪਿਛੇ ਸਾਰਾ ਦਿਨ ਦੌੜਦੇ ਰਹਿੰਦੇ। ਜਦੋਂ ਪੂਸੀ ਬੱਕ ਜਾਂਦੀ ਤਾਂ ਟੌਮੀ ਪੋਲਾ ਜਿਹਾ ਮੂੰਹ ਪੂਸੀ ਨੂੰ ਜਾ ਪਾਉਂਦਾ। ਅਗੋਂ ਪੂਸੀ ਗੁੱਛਾ ਮੁੱਛਾ ਹੋਕੇ ਟੌਮੀ ਦੀਆਂ ਨਾਸਾਂ ਨੂੰ ਚਿੰਬੜ ਜਾਂਦੀ। ਕਦੇ ਕਦੇ ਪੂਸੀ ਪਲਾਟ ਵਿਚ ਲਗੀ ਨਿਮ ਉਪਰ ਜਾ ਚੜ੍ਹਦੀ ਤਾਂ ਟੌਮੀ ਹੇਠੋ ਉਸ ਦੀ ਪੂ

NASH N.S. GILL
B.A., L.L.B.
BARRISTER AND SOLICITOR

200-33230 OLD YALE ROAD.
ABBOTSFORD B.C. V2S 2J5
PHONE: (604) 853-9322
FAX: (604) 853-5566

1. ICBC/PERSONAL INJURY CLAIMS
2. DIVORCES/FAMILY LAW
3. CRIMINAL CASES
4. PROPERTY TRANSFERS/MORTGAGES
5. IMMIGRATION APPEALS

from page 11

ਐਬਟਸਫੋਰਡ, ਮਿਸ਼ਨ ਅਤੇ ਐਲਡਰਗ੍ਰੋਵ ਵਿਚ
ਗਲੈਡਵਿਨ ਔਪਟਿਕਲ
ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤਸੱਲੀਬਖਸ਼ ਹੁੰਦਾ ਹੈ।

LENSES PLASTIC

Single Vision Only	$25
Bi Focal Only	$55
Progressive	$120
Hi Index	$90

CONTACT LENSES

Daily Wear	$45
Extended Wear	$55
Coloured Opaque	$140
Disposable (6 pack)	$30

* ਤੁਸੀਂ ਸਾਡੇ ਕੋਲੋਂ ਧੁੱਪ ਦੀਆਂ ਐਨਕਾਂ ਵੀ ਵਧੀਆ ਡਿਜ਼ਾਇਨਾਂ ਵਿੱਚ ਲੈ ਸਕਦੇ ਹੋ।

* ਫ੍ਰੇਮ ਦੀ ਮਾਮੂਲੀ ਰਿਪੇਅਰ ਮੁੱਫਤ ਕਰਦੇ ਹਾਂ।

Bhupinder Oberoi
"Optician & Certified Lense Fitter"

ਐਬਟਸਫੋਰਡ ਵਿੱਚ ਵਧੀਆ ਕੀਮਤਾਂ ਅਤੇ ਭਰੋਸੇਯੋਗ ਸਰਵਿਸ

ਹੋਰ ਜਾਣਕਾਰੀ ਲਈ ਫੋਨ ਕਰੋ:
864-8803
#103 - 2955 Gladwin Road, Abbotsford, B.C.
Next to Dr. Randhawa's Clinic

ਹਟ ਕੇ ਖੜਾ ਹੋ ਜਾਂਦਾ। ਜਦੋਂ ਤੱਕ ਪੂਸੀ ਪੂਰੀ ਤਰ੍ਹਾਂ ਉਥੋਂ ਹਟ ਨਾ ਜਾਂਦੀ ਟੋਮੀ ਉਨ੍ਹਾਂ ਚਿਰ ਦੁੱਧ ਨਾ ਪੀਂਦਾ।

ਇਕ ਦਿਨ ਪੂਸੀ ਗਲੀ ਵਿਚ ਹਲਵਾਈ ਦੀ ਦੁਕਾਨ ਤੇ ਜਾ ਨਿਕਲੀ ਤਾਂ ਕਿਸੇ ਕੁਤੇ ਨੇ ਉਸ ਨੂੰ ਆਣ ਕੇ ਮਧੋਲਦਿਤਾ ਸ਼ਾਇਦ ਪੂਸੀ ਉਸ ਕੁੱਤੇ ਤੋਂ ਹੱਟੀ ਤੋਂ ਪ੍ਰਾਪਤ ਹੋਣ ਵਾਲੀ ਕੋਈ ਖਾਣ ਵਾਲੀ ਚੀਜ਼ ਖੋਹਣ ਲੱਗੀ ਸੀ, ਅਤੇ ਕੁੱਤੇ ਨੇ ਪੂਸੀ ਤੇ ਹਮਲਾ ਕਰ ਦਿਤਾ ਸੀ। ਟੋਮੀ ਨੇ ਉਸ ਕੁੱਤੇ ਦਾ ਮੁਕਾਬਲਾ ਕੀਤਾ, ਪਰ ਕੁੱਤਾ ਟੋਮੀ ਨੂੰ ਵੀ ਮਧੋਲ ਗਿਆ। ਦੁਕਾਨਦਾਰਨ ਨੇ ਉਸ ਕੁੱਤੇ ਉਤੇ ਸੋਟੀ ਨਾਲ ਵਾਰ ਕਰਕੇ ਟੋਮੀ ਅਤੇ ਪੂਸੀ ਦੀ ਜਾਨ ਬਚਾਈ। ਜਦ ਦੁਕਾਨਦਾਰ ਮੁੰਡਾ ਪੂਸੀ ਨੂੰ ਚੱਕ ਕੇ ਅੰਦਰ ਆਇਆ ਤਾਂ ਟੋਮੀ ਬੇ-ਜਾਨ ਹੋਇਆ ਨਾਲ ਤੁਰਿਆਆਉਂਦਾ ਸੀ। ਮੈਨੂੰ ਵੇਖ ਕੇ ਟੋਮੀ ਮੇਰੇ ਪੈਰਾਂ ਵਿਚ ਲਿਟ ਗਿਆ ਅਤੇ ‘ਚਊਂ ਚਊਂ” ਕਰਕੇ ਰੋਣ ਲਗਾ। ਦੁਕਾਨਦਾਰ ਮੁੰਡਾ ਆਪਣੀ ਦੁਕਾਨ ਤੋਂ ਦੁੱਧ ਲੈ ਕੇ ਆਇਆ ਪਰ ਦੋਹਾਂ ਨੇ ਹੀ ਦੁੱਧ ਨੂੰ ਮੂੰਹ ਨਾ ਲਾਇਆ। ਅਸੀਂ ਦੋਵੇਂ ਬਚਿਆਂ ਦੀ ਦਾਦੀ ਅਤੇ ਸਾਡਾ ਲੜਕਾ, ਸਾਰੇ ਹੀ ਬੜੇ ਦੁਖੀ ਹੋਏ। ਸਾਡੇ ਘਰ ਦਾ ਇਕ ਬੂਹਾ ਸਾਡੇ ਆਪਣੇ ਹੀ ਖਾਲੀ ਪਲਾਟ ਵਿਚ ਹੈ। ਪਲਾਟ ਦੇ ਇਕ ਕੋਨੇ ਵਿਚ ਸੁੱਕਾ ਬਾਲਣ ਆਦਿਕ ਰਖਦੇ ਸਾਂ। ਦੁਕਾਨਦਾਰ ਮੁੰਡੇ ਨੇ ਸਾਡੀ ਸਹਾਇਤਾ ਕੀਤੀ ਅਤੇ ਸੁੱਕੇ ਬਾਲਣ ਦੀ ਢੇਰੀ ਜਿਹੀ ਬਣਾਕੇ ਅੱਗ ਜਲਾਈ, ਇਕ ਲੰਬਾ ਸਾਰਾ ਬੋਰਾ ਵਿਛਾ ਕੇ, ਟੋਮੀ ਤੇ ਪੂਸੀ ਉਸ ਉਪਰ ਲਿਟਾ ਦਿਤੇ। ਅਸੀਂ ਵੀ ਸਾਰੇ ਪ੍ਰਵਾਰ ਨੇ ਅੱਗ ਸੇਕੀ, ਜਦ ਘੰਟੇ ਡੇਢ ਘੰਟੇ ਮਗਰੋਂ ਸਾਰਿਆਂ ਨੇ ਅੰਦਰ ਆਉਣਾ ਚਾਹਿਆ ਤਾਂ ਅਸੀਂ ਪੂਸੀ ਅਤੇ ਟੋਮੀ ਨੂੰ ਵੀ ਉਠਾ ਕੇਅੰਦਰ ਲੈ ਆਉਣਾ ਚਾਹੁੰਦੇ ਸਾਂ, ਪਰ ਉਹ ਦੋਵੇਂ ਕੋਲਿਆਂ ਦੀ ਅੱਗ ਦੇ ਅਗਿਉਂ ਉਠਣਾ ਨਹੀਂ ਸੀ ਚਾਹੁੰਦੇ।

ਉਹਨਾਂ ਨੂੰ ਉਥੇ ਹੀ ਛੱਡ ਅਸੀਂ ਆਪਣੇ ਖਾਣਾ ਖਾਣ ਦੇ ਪ੍ਰਬੰਧ ਵਿਚ ਆ ਰੁਝੇ। ਸੌਣ ਲਗਿਆਂ ਉਹਨਾਂ ਪਾਸ ਦੁੱਧ ਲੈ ਕੇ ਗਏ ਤਾਂ ਟੋਮੀ ਆਪਣੇ ਮੂਹਰਲੇ ਪੈਜਿਆਂ ਵਿਚ ਮੂੰਹ ਦੇ ਕੇ ਸੁੱਤਾ ਹੋਇਆ ਸੀ। ਪੂਸੀ ਨਾਲ ਲਗਵੀਂਹੀ, ਟੋਮੀ ਦੇ ਮੂੰਹ ਕੋਲ, ਆਪਣੇ ਮੂਹਰਲੇ ਪੈਜਿਆਂ ਵਿਚ ਮੂੰਹ ਦੇਈ ਪਈ ਸੀ। ਉਹਨਾਂ ਨੂੰ ਉਸੇ ਤਰ੍ਹਾਂ ਆਰਾਮ ਵਿਚ ਛੱਡ ਕੇ, ਉਹਨਾਂ ਦਾ ਦੁੱਧ ਮਿਆਨੀ ਵਿਚ ਹਰ ਰੋਜ ਵਾਲੇ ਥਾਂ ਤੇ ਰਖਿਆ, ਅਤੇ ਪਲਾਟ ਵਾਲਾ ਦਰਵਾਜਾ ਖੁੱਲਾ ਛੱਡ ਕੇ ਸੌਂ ਗਏ। ਚਾਰ ਵਜੇ ਮੇਰਾ ਉਠਣ ਦਾ ਟਾਇਮ ਹੁੰਦਾ ਸੀ। ਅਸੀਂ ਦੋਹਾਂ ਜੀਆਂ ਨੇ ਪਤਾਉਣ, ਲੜਕੀ ਨੇ ਕਾਲਜ ਤੇ ਲੜਕੇ ਨੇ ਸਕੂਲ ਜਾਣਾ ਹੁੰਦਾ ਸੀ। ਸਭ ਤੋਂ ਪਹਿਲਾਂ ਮੈਂ ਪਲਾਟ ਵਿਚ ਟੋਮੀ ਤੇ ਪੂਸੀ ਨੂੰ ਵੇਖਣ ਗਈ, ਉਹਨਾਂ ਨੂੰ ਉਥੇ ਨਾ ਵੇਖ, ਮਿਆਨੀ ਦੀ ਥੱਤੀ ਜਗਾ ਕੇ ਵੇਖਿਆ ਤਾਂ ਉਹ ਦੋਨੇ ਟੋਮੀ ਵਾਲੇ ਗੱਦੇ ਤੇ ਸੁੱਤੇ ਪਏ ਸੀ। ਸਾਰੇ ਪ੍ਰਵਾਰ ਨੇ ਵਾਰੀ ਵਾਰੀ ਆ ਕੇ ਵੇਖਿਆ ਪਰ ਉਹ ਨਿਢਾਲ ਸਨ। ਅਸੀਂ ਉਹਨਾਂ ਦਾ ਖਾਣਾ ਉਹਨਾਂ ਦੇ ਕੋਲ ਰਖਿਆ ਤੇ ਆਪ ਆਪਣੇ ਆਪਣੇ ਕੰਮਾਂ ਲਈ ਤੁਰ ਪਏ। ਚਾਰ ਵਜੇ ਸ਼ਾਮ ਜਿਉਂ ਹੀ ਸਾਰਾ ਪ੍ਰਵਾਰ ਘਰ ਵਿਚ ਇਕੱਠਾ ਹੋਇਆ ਤਾਂ ਟੋਮੀ ਅਤੇ ਪੂਸੀ ਧੁੱਪੇ ਪਏ ਸਨ। ਉਹਨਾਂ ਨੇ ਖਾਣਾ ਵੀ ਚੰਗੀ ਤਰਾਂ ਨਹੀਂ ਖਾਧਾ ਸੀ। ਮਾਂ ਜੀ ਨੇ ਦਸਿਆ ਕਿ ਉਹ ਉਸ ਦਿਨ ਬਿਲਕੁਲ ਨਹੀਂ ਖੇਡੇ ਸਨ। ਉਹਨਾਂ ਦੇ ਜਖਮਭਾਵੇਂ ਕੋਈ ਨਹੀਂ ਸੀ, ਪਰ ਉਹ ਗੁੰਝੀ ਮਾਰ ਨਾਲ ਨਿਢਾਲ ਅਤੇ ਡਰੇ ਹੋਏ ਸਨ।

ਸਾਡੀ ਲੜਕੀ ਨੂੰ ਕਨੇਡਾ ਦਾ ਰਿਸ਼ਤਾ ਮਿਲ ਗਿਆ। ਰਿਸ਼ਤੇ ਤੋਂ ਚਾਰ ਮਹੀਨੇ ਬਾਅਦ ਉਹ ਕਨੇਡਾ ਪਹੁੰਚ ਗਈ। ਕਨੇਡਾ ਤੋਂ ਚਿੱਠੀ ਆਉਣ ਸਮੇਂ, ਲੜਕੀ ਵਲੋਂ ਚਿੱਠੀ ਦਾ ਬਹੁਤਾ ਹਿੱਸਾ ਟੋਮੀ ਅਤੇ ਪੂਸੀ ਦੇ ਸੁਫਨਿਆਂਬਾਰੇ ਹੀ ਹੁੰਦਾ ਸੀ। ਕੁਝ ਸਮੇਂ ਬਾਅਦ ਸਾਨੂੰ ਵੀ ਸਪੌਨਸਰ ਕਰ ਦਿਤਾ। ਸਾਡੀ ਡਾਕਟਰੀ ਅੰਣ ਵਾਲੀ ਸੀ। ਬਹੁਤਾ ਫਿਕਰ ਸਾਨੂੰ ਮਾਂ ਜੀ (ਬਚਿਆਂ ਦੀ ਦਾਦੀ) ਦਾ ਸੀ। ਬਹੁਤ ਹੀ ਬਿਰਧ ਸਰੀਰ ਸੀ। ਉਹਨਾਂ ਨੂੰ ਕਲਿਆਂ ਨੂੰ ਛੱਡ ਕੇ ਸਾਡਾ ਜਾਣ ਨੂੰ ਜੀਅ ਨਹੀਂ ਕਰਦਾ ਸੀ। ਸੋ ਅਸੀਂ ਰਿਸ਼ਤੇਦਾਰਾਂ ਦੀ ਚੋਣ ਕਰਨ ਲਗੇ। ਜਿਥੇ ਮਾਂ ਜੀ ਨੇ ਕਿਹਾ, ਉਸੇ ਰਿਸ਼ਤੇਦਾਰ ਨਾਲ ਛੇ ਮਹੀਨੇ ਲਈ, ਮਾਂ ਜੀ ਦੀ ਦੇਖ ਭਾਲ ਦਾ ਇਕਰਾਰ ਕਰ ਲਿਆ, ਪਰ ਰਿਸ਼ਤੇਦਾਰ ਨੇ ਮਾਂ ਜੀ ਨੂੰ ਆਪਣੇ ਘਰ ਲੈ ਜਾਣਾ ਮੰਨਿਆ, ਸਾਡੇ ਘਰ ਰਹਿਣਾ ਨਾ ਮੰਨਿਆ। ਦਰਵਾਜਾ ਬੰਦ ਹੋ ਜਾਣ ਦੀ ਸੂਰਤ ਵਿਚ, ਟੋਮੀ ਅਤੇ ਪੂਸੀ ਦੀ ਚਿੰਤਾ ਨੇ ਆਣ ਘੇਰਿਆ, ਕਿ ਉਹ ਕਿਧਰ ਜਾਣਗੇ। ਉਹਨਾਂ ਦੋਹਾਂ ਨੇ ਅਲਗ ਅਲਗ ਵੀ ਨਹੀਂ ਰਹਿਣਾ ਸੀ। ਹੋਰ ਫਿਕਰਾਂ ਸਮੇਤ ਟੋਮੀ, ਪੂਸੀ ਦੀ ਚਿੰਤਾ ਹਰ ਵੇਲੇ ਸਿਰ ਉਪਰ ਸਵਾਰ ਰਹਿੰਦੀ।

ਇਕ ਦਿਨ ਅਸੀਂ ਸਾਰੇ ਵਾਰੋ ਵਾਰੀ ਅੰਦਰ ਦਾਖਲ ਹੋਏ ਤਾਂ ਮਾਂ ਜੀ ਪਲਾਟ ਵਿਚ ਅੱਗ ਬਾਲਕੇ ਸੇਕ ਰਹੀ ਸੀ।ਉਸ ਨੇ ਪੈਰਾਂ ਨੂੰ ਸੇਕ ਸੇਕ ਕੇ ਜਰਾਬਾਂ ਪਾਈਆਂ ਅਤੇ ਆਪਣਾ ਮੰਜਾ ਝਾਤ ਕੇ ਵਛਾਉਣ ਲਈ ਕਿਹਾ। ਜਦ ਅਸੀਂ ਕੋਲ ਚਾਹ ਲੈ ਕੇ ਗਏ ਤਾਂ ਮਾਂ ਜੀ ਨੇ ਇਨਕਾਰ ਕਰ ਦਿਤਾ ਤੇ ਕਿਹਾ,'ਮੇਰਾ ਦਿਲ ਭਾਰਾ ਹੈ। ਮੈਂ ਨਹੀਂ ਪੀਣੀ।' ਕਿਸੇ ਨੇ ਕਿਹਾ, ‘ਤੂੰ ਕੇਲਾ ਜਿਆਦਾ ਖਾ ਲੈਂਦੀ ਹੈਂ।' ਕਿਸੇ ਨੇ ,''ਠੰਡ ਚੁ ਲੱਸੀ ਪੀ ਲੈਂਦੀ ਹੈਂ।'' ਇਸ ਤਰਾਂ ਕਹਿੰਦਿਆਂ ਕਹਿੰਦਿਆਂ ਮਾਂ ਜੀ ਨੂੰ ਉਠਾ ਕੇ ਮੰਜੇ ਤੇ ਜਾਣ ਲਈ ਕਿਹਾ ਤੇ ਲੋਂਗ ਇਲੈਚੀ ਵਾਲੀ ਚਾਹ ਦੁਬਾਰਾ ਬਣਾ ਕੇ ਪਿਆਈ। ਮੈਂ ਖਾਣ ਪੀਣ ਦੇ ਆਹਰ ਵਿਚ ਲਗ ਪਈ। ਮੇਰੇ ਪਤੀ ਮਾਂ ਜੀ ਦੇ ਕਮਰੇ ਵਿਚ, ਆਪਣੇ ਸਕੂਲ ਦਾ ਕੁਝ ਹਿਸਾਬ ਕਿਤਾਬ ਕਰਨ ਲਗ ਪਏ। ਘੰਟੇ ਕੁ ਬਾਦ ਮਾਂ ਜੀ ਨੂੰ ਉਲਟੀ ਆਈ, ਜੋ ਕਿ ਮੇਰੇ ਪਤੀ ਨੇ ਲੋਹੇ ਦੀ ਕੜਾਹੀ (ਤਸਲੇ) ਵਿਚ ਬੋਚ ਲਈ। ਮਾਂ ਜੀ ਨੂੰ ਲੰਮਾਂ ਪਾਇਆ ਤੇ ਮੈਨੂੰ ਆਵਾਜ ਦਿਤੀ।ਮੇਰੇ ਜਾਂਦਿਆਂ ਨੂੰ ਮਾਂ ਜੀ ਲੰਬੇ ਲੰਬੇ ਸਾਹ ਲੈ ਰਹੀ ਸੀ, ਫੇਰ ਇਕ ਦਮ ਹੀ ਚੁਪ ਹੋ ਗਈ। ਉਸ ਨੂੰ ਦਿਲ ਦਾ ਦੌਰਾ ਪੈ ਗਿਆ ਸੀ ਅਤੇ ਉਹ ਸਦੀਵੀ ਵਿਛੋੜਾ ਦੇ ਗਈ।

ਸਾਡੀ ਡਾਕਟਰੀ ਹੋ ਚੁੱਕੀ ਸੀ, ਟੋਮੀ ਇਕ ਦਿਨ ਗਲੀ ਵਿਚ ਖੜ੍ਹੇ ਟਰੱਕ ਥੱਲੇ ਜਾ ਸੁੱਤਾ। ਜਦੋਂ ਟਰੱਕ ਡਰਾਈਵਰ ਨੇ ਟਰੱਕ ਸਟਾਰਟ ਕਰਕੇ ਬ੍ਰੈਕ ਕੀਤਾ ਤਾਂ ਟਰੱਕ ਟੋਮੀ ਦਾ ਸਿਰ ਫੇਹ ਕੇ ਅਗੇ ਨਿਕਲ ਗਿਆ। ਦੁਕਾਨਦਾਰ ਨੇ ਸਾਨੂੰ ਆਵਾਜ ਦਿਤੀ ਤਾਂ ਅਸੀਂ ਟੋਮੀ ਨੂੰ ਆਪਣੀਆਂ ਅੱਖਾਂ ਸਾਹਮਣੇ ਤੜਪ ਤੜਪ ਕੇ ਜਾਨ ਦਿੰਦੇ ਦੇਖਿਆ।

ਜਦੋਂ ਰਾਤ ਤੱਕ ਟੋਮੀ ਘਰ ਨਾ ਆਇਆ ਤਾਂ ਪੂਸੀ ਨੇ ਘਰ ਦਾ ਕੋਨਾ ਕੋਨਾ ਛਾਣ ਮਾਰਿਆ। ਉਚੀ ਆਵਾਜ਼ ਵਿਚ ਰੌਲਾ ਪਾਇਆ, ਖਾਲੀ ਪਲਾਟ ਭਾਲ ਮਾਰਿਆ। ਪੂਸੀ ਨੇ ਸਾਰੀ ਰਾਤ ਅੱਖਾਂ ਵਿਚੋਂ ਦੀ ਕੱਢੀ। ਅਸੀਂ ਸੋਚਿਆ ਇਕ ਦੋ ਦਿਨਾਂ ਵਿਚ ਉਸ ਨੂੰ ਸਬਰ ਆ ਜਾਵੇਗਾ ਪਰ ਪੂਸੀ ਸਾਰਾ ਦਿਨ ਰੌਲਾ ਪਾਉਂਦੀ ਪਲਾਟ ਚੋਂ ਘਰੇ, ਘਰੋਂ ਪਲਾਟ ਤਾਣਾ ਤਣ ਦੀ ਰਹਿੰਦੀ। ਅਸੀਂ ਵੀ ਉਸ ਦੇ ਦੁੱਖ ਨੂੰ ਬਹੁਤ ਮਹਿਸੂਸ ਕਰਦੇ, ਪਰ ਕੀਤਾ ਕੁਛ ਨੀ ਸੀ ਜਾ ਸਕਦਾ।

ਫੇਰ ਇਕ ਦਿਨ ਸਾਰਾ ਦਿਨ ਤੇ ਸਾਰੇ ਰਾਤ, ਪੂਸੀ ਘਰ ਵਿਚੋਂ ਗਾਇਬ ਰਹੀ। ਅਸੀਂ ਸਾਰਾ ਮੁਹੱਲਾ ਛਾਣ ਮਾਰਿਆ, ਕਿਤੋਂ ਵੀ ਪੂਸੀ ਦੀ ਦੱਸ ਨਾ ਪਈ। ਸਾਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਪੂਸੀ ਜਿੰਦਾ ਨਹੀਂ ਸੀ। ਕੁਛ ਹੀ ਦਿਨਾਂ ਪਿਛੋਂ ਸਾਡਾ ਵੀਜ਼ਾ ਆ ਗਿਆ। ਸਾਡੇ ਤੁਰਨ ਵੇਲੇ, ਮਾਂ ਜੀ, ਪੂਸੀ ਅਤੇ ਟੋਮੀ ਤਿੰਨੇ ਸਾਨੂੰ ਅਲਵਿਦਾ ਕਹਿ ਚੁਕੇ ਸਨ।

From page 25

ਕਰੀਮਪੁਰੀ ਦੀ ਪੇਸ਼ੀ ਸਮੇਂ ਬਸਪਾ ਵਰਕਰ ਭੜਕੇ -ਬੱਸਾਂ ਦੀ ਭੰਨ-ਤੋੜ

ਗੜ੍ਹਸ਼ੰਕਰ - ਬਸਪਾ ਆਗੂ ਅਵਤਾਰ ਸਿੰਘ ਕਰੀਮਪੁਰੀ ਨੂੰ ਥਾਣਾ ਗੜ੍ਹਸ਼ੰਕਰ ਦੀ ਭੰਨ ਤੋੜ ਦੇ ਮਾਮਲੇ ਤਹਿਤ ਦਰਜ ਕੇਸ ਦੇ ਸਬੰਧ ਵਿਚ ਪਟਿਆਲਾ ਜੇਲ੍ਹ ਵਿਚੋਂ ਇਥੇ ਪੇਸ਼ੀ ਭੁਗਤਣ ਲਈ ਲਿਆਂਦਾ ਗਿਆ, ਜਦੋਂ ਕਰੀਮਪੁਰੀ ਨੂੰ ਬੱਸ ਵਿਚੋਂ ਉਤਾਰ ਕੇ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਗਿਆ ਤਾਂ ਬਾਹਰ ਜੁੜੀ ਬਸਪਾ ਵਰਕਰਾਂ ਦੀ ਭੀੜ ਨੇ ਸਰਕਾਰ ਅਤੇ ਪੰਜਾਬ ਪੁਲਿਸ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਭੜਕੀ ਹੋਈ ਭੀੜ ਨੇ ਪੰਜਾਬ ਰੋਡਵੇਜ਼ ਹੁਸ਼ਿਆਰਪੁਰ ਦੀਆਂ ਬੱਸਾਂ ਨੂੰ ਬੁਰੀ ਤਰ੍ਹਾਂ ਭੰਨਿਆ ਅਤੇ ਸਵਾਰੀਆਂ ਨੇ ਮਸਾਂ ਹੀ ਆਪਣੀਆਂ ਜਾਨਾਂ ਬਚਾਈਆਂ। ਦੋਵੇਂ ਬੱਸਾਂ ਦੇ ਸ਼ੀਸ਼ੇ ਤੋੜ ਦਿੱਤੇ ਅਤੇ ਹੋਰ ਵੀ ਨੁਕਸਾਨ ਕੀਤਾ। ਪਰ ਵੱਡੀ ਗਿਣਤੀ ਵਿਚ ਇਕੱਠੇ ਹੋਏ ਪੁਲਸ ਮੁਲਾਜ਼ਮ ਜੋ ਮਹਿਲਪੁਰ, ਗੜ੍ਹਸ਼ੰਕਰ ਸੈਲਾਖੁਰਦ, ਹੁਸ਼ਿਆਰਪੁਰ ਅਤੇ ਸਮੁੰਦੜਾਂ ਤੋਂ ਮੰਗਵਾਏ ਹੋਏ ਸਨ, ਕਥਿਤ ਤੌਰ ਤੇ ਇਸ ਸਭ ਕੁਝ ਨੂੰ ਮੂਕ-ਦਰਸ਼ਕ ਬਣ ਕੇ ਦੇਖਦੇ ਰਹੇ। ਬਸਪਾ ਵਰਕਰਾਂ ਵੱਲੋਂ ਦੋ ਘੰਟੇ ਬੱਸਾਂ ਦਾ ਚੱਕਾ ਜਾਮ ਰੱਖਿਆ ਗਿਆ। ਬਸਪਾ ਵੱਲੋਂ ਇਹ ਹੁੱਲੜਬਾਜ਼ੀ ਤਕਰੀਬਨ ਦੋ ਘੰਟੇ ਚਲਦੀ ਰਹੀ।

ਹਵਾਰਾ ਤੇ ਤਾਰਾ ਤੋਂ ਪੁੱਛਗਿੱਛ ਕਰਨ ਲਈ ਪੁਲੀਸ ਨੇ ਅਦਾਲਤ ਤੋਂ ਆਗਿਆ ਮੰਗੀ

ਚੰਡੀਗੜ੍ਹ - ਚੰਡੀਗੜ੍ਹ ਪੁਲੀਸ ਨੇ ਅਦਾਲਤ ਨੂੰ ਇਕ ਅਰਜ਼ੀ ਦੇ ਕੇ ਬੁੜੈਲ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਤੋਂ ਪੁੱਛਗਿੱਛ ਕਰਨ ਦੀ ਆਗਿਆ ਮੰਗੀ ਹੈ। ਜਗਤਾਰ ਸਿੰਘ ਤਾਰਾ ਅਤੇ ਜਗਤਾਰ ਸਿੰਘ ਹਵਾਰਾ ਦੋਵੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਸ਼ਾਮਲ ਹੋਣ ਕਾਰਨ ਲੰਬੇ ਸਮੇਂ ਤੋਂ ਬੁੜੈਲ ਜੇਲ੍ਹ ਵਿਚ ਬੰਦ ਹਨ। ਚੰਡੀਗੜ੍ਹ ਪੁਲੀਸ ਨੇ ਇਸੇ ਨਾਲ ਇਕ ਹੋਰ ਅਰਜ਼ੀ ਦੇ ਕੇ ਅਮਰੀਕਾ ਵਸਦੇ ਕਥਿਤ ਖਾੜਕੂ ਦੀਦਾਰ ਸਿੰਘ ਉਰਫ ਬੰਟੀ ਨੂੰ ਬਿਨਾਂ ਤਰੀਕ ਦੇ ਗ੍ਰਿਫ਼ਤਾਰੀ ਵਾਰੰਟਾਂ ਦੀ ਵੀ ਮੰਗ ਕੀਤੀ ਹੈ।

GILL GRAPHICS
Ph: 852-2288 • Fax 852-1878
For all your graphics, typesetting and layout needs. .

- BROCHURES
- FLYERS
- RESUMES
- LETTERHEADS
- BUSINESS CARDS
- LOGO DESIGN

SOCCERPLUS
#1 Supplier of the Best In Soccer & Rugby Equipment
PRE-SEASON SPECIALS

TRACK SUIT ਟ੍ਰੈਕ ਸੂਟ 20-70% Off REG. PRICE

TEAR AWAY PANTS ਪੈਂਟਾਂ FROM 20% OFF REG. PRICE $120

SOCCER JERSEY ਜਰਸੀ FROM $9.98 Reg. $120

JR. UMBRO TRACKSUITS ਅੰਬਰੋ ਟ੍ਰੈਕ ਸੂਟ From $54.98 REG. $100

WORLD CUP CLEARANCE UP TO 50% Off ਕੈਪਸ, ਟੀ-ਸ਼ਰਟਾਂ, ਜੈਕਟਾਂ CAPS, T-SHIRTS, JACKETS

JR. ADDIDAS TRACKSUITS ਐਡੀਡਸ ਟ੍ਰੈਕ ਸੂਟ FROM $54.98 Reg. $120

SHORTS - ਨਿਕਰਾਂ FROM $9.98

NIKE TRACK SUITS ਨਾਈਕੀ ਟ੍ਰੈਕ ਸੂਟ Reg. $120 FROM $49.98

JR. UMBRO RUNNING SHOES ਰਨਨਿੰਗ ਸ਼ੂਜ਼ 50% OFF

NIKE TEAR AWAY PANTS ਨਾਈਕੀ ਪੈਂਟਾਂ Reg. $120 FROM $19.98

SOCCER BOOTS - ਬੂਟ FROM $19.98

ਸੌਕਰ ਨਾਲ ਸਭੰਧਤ ਸਾਰਾ ਸਮਾਨ ਸੌਕਰ⚽ਪਲੱਸ ਤੋਂ ਬਹੁਤ ਹੀ ਵਧੀਆ ਕੁਆਲਟੀ ਅਤੇ ਸਸਤੇ ਭਾਅ ਤੇ ਖ਼ਰੀਦੋ!!

ABBOTSFORD
Clearbrook Plaza
#112 - 31935 South Fraser Way
Tel: (604) 864-2229 • Fax: (604) 864-2040

"ਜੋ ਕਿਛੁ ਕੀਆ ਸੁ ਮਨ ਕੀਆ"

ਸ. ਗੁਰਬਖਸ਼ ਸਿੰਘ

ਹਿੰਦੂ ਧਰਮ ਵਿਚ ਪਾਪ ਕਰਮਾਂ ਦੀ ਅਤੇ ਪੁੰਨ ਕਰਮਾਂ ਦੀ ਬੜੀ ਲੰਮੀ ਲਿਸਟ ਹੈ। ਬ੍ਰਾਹਮਣੀ-ਗ੍ਰੰਥਾਂ ਵਿਚ ਇਸ ਬਾਰੇ ਪੂਰਾ ਵੇਰਵਾ ਹੈ ਕਿ ਕਿਹੜਾ ਕਰਮ ਕਰਨ ਨਾਲ ਕੀ ਪਾਪ ਲਗਦਾ ਹੈ ਅਤੇ ਕਿਹੜੇ ਪਾਪ ਦੇ ਕਾਰਨ ਕਿਸ ਪ੍ਰਕਾਰ ਦੇ ਦੁਖਦਾਈ ਨਰਕਾਂ ਵਿਚ ਪੈਣਾ ਹੁੰਦਾ ਹੈ? ਏਸੇ ਤਰ੍ਹਾਂ ਪੁੰਨ ਕਰਮਾਂ ਦਾ ਬੜਾ ਲੰਮਾਂ ਚੌੜਾ ਜ਼ਿਕਰ ਹੈ। ਪੁੰਨ ਕਰਮ ਕਿਹੜੇ ਕਿਹੜੇ ਹਨ ਅਤੇ ਉਨ੍ਹਾਂ ਨਾਲ ਕਿੰਨੇ ਕਿੰਨੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ? ਬ੍ਰਾਹਮਣਾਂ ਦੀ ਸਹਾਇਤਾ ਨਾਲ ਮਨੁੱਖ, ਪੁੰਨ ਕਰਮਾਂ ਦੀ ਗਿਣਤੀ ਵਧਾ ਕੇ ਸੁਰਗ ਭੋਗਣ ਦਾ ਹੱਕਦਾਰ ਬਣ ਜਾਂਦਾ ਹੈ। ਪਾਪਾਂ ਨਾਲੋਂ ਪੁੰਨ ਕਰਮਾਂ ਦੇ ਵਧਾ ਸਕਣ ਦੇ ਵੇਰਵੇ ਦਾ ਗਿਆਨ, ਵੇਦਾਂ ਤੋਂ ਹੀ ਮਿਲਣਾ ਅਰੰਭ ਹੋ ਜਾਂਦਾ ਹੈ। ਸ਼ਾਸਤਰਾਂ, ਪੁਰਾਣਾਂ ਆਦਿ ਸਭ ਵਿਚੋਂ ਬ੍ਰਾਹਮਣ ਲੋਕ ਇਸ ਵੇਰਵੇ ਬਾਰੇ ਪੜ, ਸੁਣਾਉਂਦੇ ਹਨ। ਇਸ ਤੱਥ ਦੀ ਪੁਸ਼ਟੀ, ਗੁਰਬਾਣੀ ਦੇ ਬੇਅੰਤ ਸ਼ਬਦ ਕਰਦੇ ਹਨ। ਉਦਾਹਰਣ ਵਜੋਂ-ਬੇਦ ਪੁਕਾਰੈ ਪੁੰਨੁ ਪਾਪੁ ਸੁਰਗ ਨਰਕ ਕਾ ਥੀਉ। ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ। ਸਾਸਤ੍ਰ ਬੇਦ ਪਾਪ ਪੁੰਨ ਵੀਚਾਰ। ਨਰਕਿ ਸੁਰਗਿ ਫਿਰਿ ਫਿਰਿ ਅਉਤਾਰੁ। ਲਗ ਪਗ ਸਾਰੇ ਧਰਮਾਂ ਦੇ ਆਗੂਆਂ ਕੋਲੋਂ ਪਾਪ ਕਰਮਾਂ ਅਤੇ ਪੁੰਨ ਕਰਮਾਂ ਦੇ ਵੇਰਵੇ ਵਾਲੀ ਸੂਚੀ ਪ੍ਰਾਪਤ ਹੋ ਸਕਦੀ ਹੈ।

ਸ਼ਾਇਦ ਸਾਨੂੰ ਸਾਰਿਆਂ ਗੁਰ ਸਿੱਖਾਂ ਨੂੰ ਇਹ ਪਤਾ ਨਾ ਹੀ ਹੋਵੇ ਕਿ ਪਾਪ ਦਾ, ਪਾਪੀ ਦਾ ਅਤੇ ਪੁੰਨ ਅਥਵਾ ਪੁੰਨੀ ਦਾ ਜ਼ਿਕਰ ਤਾਂ ਗੁਰਬਾਣੀ ਵਿਚ ਬਹੁਤ ਆਇਆ ਹੈ ਪਰ ਜੇ ਸਤਿਗੁਰਾਂ ਨੂੰ ਇਹ ਪੁਛ ਲਈਏ ਕਿ ਕਿਹੜਾ ਕਰਮ (ਕੰਮ), ਪਾਪ ਹੈ ਤਾਂ ਇਕੋ -'ਕਾਹੇ ਪੂਤ ਝਗਰਤ ਹਉ ਸੰਗਿ ਬਾਪ। ਜਿਨ ਕੋ ਜਣੇ ਬਤੀਰੇ ਤੁਮ ਹਉ, ਤਿਨ ਸੋ ਝਗਰਤ ਪਾਪ। ਫੁਮਨ ਤੋਂ ਛੁੱਟ ਹੋਰ ਅਜੇਹਾ ਕੋਈ ਗੁਰੂ ਫੁਰਮਾਨ ਗੁਰਬਾਣੀ ਵਿਚ ਨਹੀਂ ਮਿਲਦਾ ਜਿਸ ਵਿਚ ਇਸ ਤਰਾਂ ਕਿਸੇ ਕਰਮ ਨੂੰ ਨਿਖਾਰ ਕੇ ਪਾਪ ਕਿਹਾ ਹੋਵੇ। ਇੰਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਗ ਜੀ ਕਿਸੇ ਕਰਮ ਨੂੰ ਚੰਗਾ ਜਾਂ ਮਾੜਾ ਤਾਂ ਬੇਸ਼ਕ ਕਹਿੰਦੇ ਹੋਣਗੇ ਪਰ ਕਿਸੇ, ਕਰਮ ਨੂੰ 'ਪੁੰਨ ਕਰਮ' ਹੋਣ ਦੀ ਗੱਲ ਕਿਸੇ ਥਾ ਨਹੀਂ ਕੀਤੀ । ਸਗੋਂ ਪਾਪ ਪੁੰਨ ਦੁਇ ਏਕ ਸਮਾਨ। ਅਤੇ ਪਾਪ ਪੁੰਨ ਅਤੇ ਉਨ੍ਹਾਂ ਤੋਂ ਮਿਲਦੇ ਸੁਰਗ ਨਰਕ ਦੇ ਝਮੇਲੇ ਬਾਰੇ ਸੁਖਮਨੀ ਸਾਹਿਬ ਵਿਚ ਇਉਂ ਦਾ ਫੁਰਮਾਨ ਵੀ ਹੈ। ਪਾਪੁ ਪੁੰਨ ਤਹ ਭਈ ਕਹਾਵਤ। ਕੋਊ ਨਰਕ ਕੋਊ ਸੁਰਗ ਬੰਛਾਵਤ।

ਪਾਪਾਂ ਬਾਰੇ ਗੁਰਬਾਣੀ ਵਿਚ ਅਜੇਹੇ ਸ਼ਬਦ ਵੀ ਹਨ। ਪਾਪ ਕਮਾਂਵਦਿਆਂ ਤੇਰਾ ਕੋਇ ਨਾ ਬੋਲੀ ਰਾਮ। ਕਰਿ ਕਰਿ ਪਾਪ ਦਰਸੁ ਕੀਆ ਵਰਤਣਿ ਕੈ ਤਾਈ। ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨਾ ਜਾਈ। ਅਜੇਹੇ ਕਈ ਗੁਰੂ ਸ਼ਬਦਾਂ ਤੋਂ ਸੰਕਾਂ ਉਪਜਣਾ ਕੁਦਰਤੀ ਗੱਲ ਹੈ ਕਿ, ਜਦ ਗੁਰਬਾਣੀ ਵਿਚ ਕਿਸੇ ਕਰਮ ਨੂੰ ਪਾਪ ਕਿਹਾ ਹੀ ਨਹੀਂ ਤਾਂ ਫਿਰ ਇਨ੍ਹਾਂ ਤਿੰਨਾਂ ਜਾਂ ਅਜੇਹੇ ਹੋਰ ਗੁਰੂ ਫੁਰਮਾਨਾਂ ਵਿਚ, ਸਤਿਗੁਰਾਂ ਨੇ ਕਿਹੜੇ ਪਾਪ ਕਰਮਾਂ ਦੀ ਗੱਲ ਕੀਤੀ ਹੈ। ਗੁਰਮਤਿ ਦੇ ਇਸ ਸਿਧਾਂਤ ਨੂੰ ਸਮਝਣ ਲਈ, ਰੋਜ਼ ਵਾਪਰ ਰਹੇ ਬੇਅੰਤ ਅਜੇਹੇ ਹਾਲਾਤ ਨੂੰ ਛੱਡਕੇ, ਉਦਾਹਰਣ ਵਜੋਂ ਕੁਝ ਇਤਿਹਾਸਕ ਘਟਨਾਵਾਂ ਵਿਚਾਰ ਅਧੀਨ ਲਿਆਉਂਦੇ ਹਾਂ।

ਡਾਕੇ ਮਾਰਨੇ ਅਤੇ ਕਤਲ ਕਰਨੇ ਪਾਪ ਮੰਨੇ ਗਏ ਹਨ। ਸਰਕਾਰਾਂ ਨੇ ਅਜੇਹੇ ਦੋਸ਼ਾਂ ਦੀ ਸਜ਼ਾ ਮੌਤ ਅਥਵਾ ਉਮਰ ਕੈਦ ਰੱਖੀ ਹੋਈ ਹੈ। ਅਹਿਮਦ ਸ਼ਾਹ ਅਬਦਾਲੀ ਨੇ ਡਾਕਾ ਮਾਰਿਆ। ਕਈ ਮਨੁੱਖ ਜ਼ਖਮੀ ਹੋਏ, ਕਈ ਕਤਲ ਕਰ ਦਿੱਤੇ ਅਤੇ ਧਨ ਦੌਲਤ, ਜਵਾਨ ਧੀਆਂ ਭੈਣਾਂ ਆਦਿ ਲਈ ਖੋਹਾ ਖਾਹੀ ਹੋਈ। ਫਿਰ ਸਿੰਘਾਂ ਨੇ ਅਹਿਮਦ ਸ਼ਾਹ ਦੀ ਫੌਜ ਤੇ ਡਾਕਾ ਮਾਰਿਆ। ਉਸ ਡਾਕੇ ਵਿਚ ਵੀ ਲੋਕ ਜ਼ਖਮੀ ਹੋਏ ਅਤੇ ਕਈ ਮਨੁੱਖ ਜਾਨ ਗੁਆ ਬੈਠੇ। ਖੋਹਾ ਖਾਹੀ ਏਥੇ ਵੀ ਹੋਈ। ਦੋਹੀ ਥਾਂਈ ਡਾਕਾ ਵੱਜਾ, ਕਤਲ ਹੋਏ ਅਤੇ ਖੋਹਾਖਾਹੀ ਵੀ ਹੋਈ। ਪਰ ਕੀ ਕਾਰਨ ਹੈ ਕਿ ਇੱਕ ਡਾਕੇ ਨੂੰ ਲੋਕ ਵਡੇ ਜਾਬਰ ਦਾ ਜ਼ੁਲਮੀ ਕਾਰਾ ਕਹਿ ਕੇ ਨਿੰਦਿਆ ਕਰ ਰਹੇ ਹਨ ਅਤੇ ਦੂਜੇ ਨੂੰ ਵਡੇ ਉਪਕਾਰ ਦਾ ਕੰਮ ਮੰਨ ਕੇ ਡਾਕਾ ਮਾਰਨ ਵਾਲੇ ਖਾਲਸਾ ਹੀ ਹੈ ਸੋਹਲੇ ਗਾ ਰਹੇ ਹੁੰਦੇ ਹਨ? ਕਾਰਨ ਕੇਵਲ ਮਨ ਦੀ ਅਵਸਥਾ ਹੈ। ਇਕ ਡਾਕਾ ਜ਼ਾਲਮਾਂ ਲੁਟੇਰਿਆਂ ਦੇ ਮਨ ਦੀ ਲਾਲਚੀ ਲਪਟੀ # ਨੇ ਮਰਵਾਇਆ। ਇਸ ਡਾਕੇ ਵਿਚ ਲੁਟੇਰਿਆਂ ਨੇ ਨਿਤਾਣਿਆਂ ਦੀ ਕਮਾਈ ਲੁੱਟ ਖਾਣ ਲਈ ਅਤੇ ਬਹੂ ਬੇਟੀਆਂ ਦੀ ਇੱਜ਼ਤ ਬਰਬਾਦ ਕਰਨ ਦੀ ਅਥਵਾ ਉਨਾਂ ਨੂੰ ਗੁਲਾਮ ਬਨਾਉਣ ਲਈ ਕਈ ਲਾਚਾਰ ਮਨੁੱਖਾਂ ਨੂੰ ਕਤਲ ਕੀਤਾ ਕਈਆਂ ਬੁਰੀ ਤਰਾਂ ਘਾਇਲ ਕਰਕੇ ਤਬਾਹ ਬਰਬਾਦ ਕਰ ਦਿਤਾ। ਦੂਜਾ ਡਾਕਾ ਮਾਰਨ ਵਲੇ ਮਰਜੀਵੜਿਆਂ ਦਾ ਮਨ ਜ਼ਾਲਮ ਦੇ ਜ਼ੁਲਮ ਨੂੰ ਮਿਟਾਉਣ ਲਈ ਸਿਰੜ ਧਾਰਨ ਕਰ ਚੁੱਕਾ ਸੀ। ਇਨ੍ਹਾਂ ਕੋਲੋਂ ਲੁਟੇ ਪੁੱਟੇ ਮਜ਼ਲੂਮਾਂ ਦੇ ਹਉਕੇ ਨਹੀਂ ਸਨ ਸੁਣੇ ਜਾ ਰਹੇ। ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਲੇ ਜਰਵਾਣਿਆਂ ਕੋਲੋਂ ਖੋਹਿਆ ਹੋਇਆ ਮਾਲ ਖੋਹ ਕੇ ਹਕਦਾਰਾਂ ਨੂੰ ਪੁਚਾਉਣ ਲਈ ਕੱਫਨ ਸਿਰਾਂ ਤੇ ਬੰਨ ਲਏ ਸਨ। ਵਰਲਾਪ ਕਰ ਰਹੀਆਂ ਦੁਖਿਆਰੀਆਂ ਬੀਬੀਆਂ ਨੂੰ ਜਰਵਾਣਿਆਂ ਦੇ ਪੰਜੇ ਵਿਚ ਆਜਾਦ ਕਰਾ ਕੇ ਉਨਾਂ ਦੇ ਵਾਰਸਾਂ ਕੋਲ ਸੁਰਖਿਅਤ ਥਾਵਾਂ ਤੇ ਪੁਚਾਉਣ ਲਈ, ਸੂਰਮਿਆਂ ਨੇ ਆਪਣੀਆਂ ਜਾਨਾਂ ਨੂੰ ਸਖਤ ਖਤਰੇ ਵਿਚ ਪਾਈਆਂ ਸੀ। ਉਂਜ ਹੈ ਇਹ ਵੀ ਡਾਕਾ ਹੀ ਸੀ।

ਲਗ ਪਗ ਸਾਰੇ ਧਰਮਾਂ ਨੇ ਅਥਵਾ ਚੰਗਿਆਂ ਸਮਾਜਾਂ ਨੇ, ਝੂਠ ਬੋਲਣਾ ਅਤੇ ਧੋਖਾ ਦੇਣਾ ਪਾਪ ਮੰਨਿਆ ਹੈ। ਸੁੱਖਾਂ ਸਿੰਘ ਮਹਿਤਾਬ ਸਿੰਘ ਨੇ ਪਹਿਰੇ ਦਾਰਾਂ ਨੂੰ ਧੋਖਾ ਦੇਣ ਲਈ ਰੁਪਈਆਂ ਦੇ ਥਾਂ ਠੀਕਰੀਆਂ ਦੇ ਥੋਰੇ ਵਿਖਾ ਕੇ ਝੂਠ ਬੋਲਿਆ ਕਿ ਉਹ ਇਲਾਕੇ ਦੇ ਜ੿ਮੀਦਾਰ ਹਨ ਅਤੇ ਹਰਿਮੰਦਰ ਸਾਹਿਬ ਵਿਚ ਬੈਠੇ ਚੌਧਰੀ ਮੱਸੇ ਰੰਗੜ ਨੂੰ ਮਾਮਲਾ ਦੇਣ ਆਏ ਹਨ। ਪਰ ਮਨ ਦੀ ਨੀਯਤ ਸੁਆਰਥੀ ਨਹੀਂ ਸਗੋਂ ਦੀਨਾਂ ਦੁਖੀਆਂ ਲਈ ਪੁਰਜਾ ਪੁਰਜਾ ਕੱਟ ਮਰਨ ਦੀ ਸੀ। ਲਹੂ ਪੀਣੇ ਜਰਵਾਣੇ ਪਹਿਰੇਦਾਰਾਂ ਦੀ ਵਾੜ ਝਣਾ ਕੇ ਹੰਕਾਰੀ ਜ਼ਾਲਮ ਲਗਾਤਾਰ ਜ਼ੁਲਮ ਕਰੀ ਜਾ ਰਿਹਾ ਸੀ। ਹਰਿਮੰਦਰ ਸਾਹਿਬ ਵਿਚ ਆਪਣਾ ਦਰਬਾਰ ਸਜਾਈ ਬੈਠੇ ਚੰਡਾਲ ਤੱਕ ਪੁੱਜ ਕੇ ਹੋ ਰਹੇ ਜ਼ੁਲਮ ਦਾ ਡੱਗ ਪਾਉਣਾ ਸੀ। ਜ਼ਾਲਮ ਰੰਗੜ ਤੱਕ ਪੁੱਜ ਕੇ ਉਸ ਨੂੰ ਸੋਧਣ ਲਈ ਉਪਕਾਰੀ ਸੂਰਮਿਆਂ ਨੇ ਆਪਣੀਆਂ ਜਾਨਾਂ ਸਖ਼ਤ ਖਤਰੇ ਵਿਚ ਪਾਈਆਂ ਸਨ। ਪਾਪ ਕਰਮ ਮੰਨੇ ਗਏ ਕਥਿਤ ਝੂਠ ਅਤੇ ਧੋਖਾ ਹੰਕਾਰੀ ਜ਼ਾਲਮ ਤੋਂ ਮਜ਼ਲੂਮਾਂ ਦੀ ਖਲਾਸੀ ਕਰਵਾਉਣ ਲਈ ਸਾਧਨ ਬਣੇ।

ਏਸੇ ਤਰ੍ਹਾਂ ਮਾਛੀ ਵਾੜੇ ਤੋਂ ਦਸਮੇਸ਼ ਜੀ ਨੂੰ ਜ਼ਾਲਮਾਂ ਦੇ ਕਰਤੇ ਘੇਰੇ ਵਿਚੋਂ ਕੱਢਣ ਸਮੇਂ ਸਿੰਘਾਂ ਦਾ ਅਤੇ ਗਨੀ ਖਾਂ ਨਬੀ ਖਾਂ ਦਾ ਫੌਜੀਆਂ ਨੂੰ ਇਹ ਕਹਿਣਾ ਕਿ ਉਨਾਂ ਦੇ ਮੰਜੇ ਤੇ ਬੈਠੇ ਕਲਗੀਧਰ ਜੀ ਨਹੀਂ ਹਨ, ਝੂਠ ਸੀ ਪਰ ਦੂਜੇ ਥਾਂ ਗੰਗੂ ਬ੍ਰਾਹਮਣ ਦਾ ਮੁਗਲਾਂ ਦੀ ਪੁਲਸ ਨੂੰ ਇਹ ਕਹਿਣਾ ਕਿ ਸਤਿਗੁਰਾਂ ਦੇ ਦੋ ਸਾਹਿਬਜ਼ਾਦੇ ਅਤੇ ਮਾਤਾ ਜੀ ਉਸ ਦੇ ਘਰ ਬੈਠੇ ਹਨ, ਸੱਚ ਸੀ। ਸਿੰਘਾਂ ਦਾ ਅਤੇ ਗਨੀਖਾਂ ਨਬੀਖਾਂ ਦਾ ਝੂਠ ਮਨੁੱਖਤਾ ਦੇ ਭਲੇ ਵਾਸਤੇ ਬੜੇ ਵਡੇ ਉਪਕਾਰ ਦਾ ਸ਼ੁਭ ਕਰਮ ਸੀ, ਪਰ ਗੰਗੂ ਦਾ ਸੱਚ, ਅਕ੍ਰਿਤਘਣ, ਵਿਸ਼ਵਾਸਘਾਤੀ, ਚੋਰ ਦਾ ਅਜੇਹਾ ਕੁਕਰਮ ਸੀ, ਜਿਸ ਤੋਂ ਨਿਰਦੋਸ਼, ਨਿਸਕਪਟ ਅਤੇ ਬੜੀਆਂ ਕੀਮਤੀ ਜਾਨਾਂ ਖੂੰਨਖਾਰ ਜ਼ਾਲਮ ਬਘਿਆੜਾਂ ਦੇ ਵੱਸ ਪੈ ਗਈਆਂ। ਕਰਮ ਆਪਣੇ ਆਪ ਵਿਚ ਨਾ ਪੁੰਨ ਹੈ ਅਤੇ ਨਾ ਪਾਪ। ਸਰੀਰ ਨਾਲ ਕੀਤੇ ਕਰਮ ਨੂੰ, ਮਨੁੱਖ ਦੀ ਨੀਯਤ ਅਥਵਾ ਮਨ ਦੀ ਕਾਮਨਾ, ਪਾਪ ਜਾਂ ਪੁੰਨ ਬਣਾਉਂਦੀ ਹੈ। ਕਿਤੇ ਝੂਠ ਪੁੰਨ ਬਣ ਜਾਂਦਾ ਹੈ ਕਿਤੇ ਸੱਚ ਪਾਪ ਬਣ ਜਾਂਦਾ ਹੈ।

ਏਸੇ ਤਰਾਂ ਸਰੀਰ ਨਾਲ ਕੀਤੇ ਵਿਖਾਵੇ ਵਾਲੇ ਸਰੀਰ ਕਥਿਤ ਧਰਮ ਕਰਮ, ਜਿਨਾਂ ਤੋਂ ਮਨੁੱਖ ਦੇ ਮਨ ਵਿਚ ਹਉਮੈ ਜਿਹਾ ਦੀਰਘ ਰੋਗ ਪੈਦਾ ਹੁੰਦਾ ਹੋਵੇ ਆਤਮਕ ਜਿੰਦਗੀ ਲਈ ਸਖਤ ਹਾਨੀ ਕਾਰਕ ਹਨ। ਜਿਵੇਂ (ਗੁਰਬਾਣੀ ਸਣੇ) ਧਰਮ ਗ੍ਰੰਥਾਂ ਦੇ ਲੋਕ-ਵਿਖਾਵੇ ਵਾਲੇ ਪਾਠ ਕਰਨੇ ਜਾਂ ਕਰਵਾਉਣੇ ਯੋਗ ਆਸਣ ਕਰਕੇ, ਮੌਨ ਧਾਰੀ ਬਣ ਬਹਿਣਾ, ਤੀਰਥਾਂ ਦਾ ਇਸ਼ਨਾਨ, ਤੀਰਥਾਂ ਕੰਢੇ ਜਾ ਵੱਸਣਾ, ਸੁਰਗਾਂ ਦੀ ਪ੍ਰਾਪਤੀ ਦੀ ਲਾਲਸਾ ਨਾਲ ਕਰਵਤ (ਆਰੇ) ਹੇਠ ਬੈਠ ਕੇ ਸਰੀਰ ਦੇ ਫਾੜ ਕਰਵਾ ਲੈਣਾ, ਇਸਤ੍ਰੀ, ਸੋਨਾ, ਵਧੀਆ ਘੋੜੇ, ਜਮੀਨ ਅਤੇ ਹੋਰ ਕਈ ਤਰਾਂ ਦੇ ਦਾਨ-ਪੁੰਨ ਕਰਨੇ-ਇਨ੍ਹਾਂ ਸਾਰੇ ਕਥਿਤ ਧਰਮ-ਕਰਮਾਂ ਨਾਲ ਮਨੁੱਖ ਦੀ ਆਤਮਕ ਜਿੰਦਗੀ ਦਾ ਮੰਤਵ ਕੁਝ ਨਹੀਂ ਸਗੋਂ ਹੰਕਾਰ ਵਿਚ ਵਾਧਾ ਹੋ ਜਾਣ ਨਾਲ ਪ੍ਰਭੂ ਨਾਲੋਂ ਵਿੱਥ ਹੋਰ ਵਧ ਜਾਂਦੀ ਹੈ। ਭਾਵ ਹਨ-ਕਰਮ ਆਤਮਕ ਮੌਤ ਲਿਆਉਣ ਦਾ ਕਾਰਨ ਬਣਦੇ ਹਨ। ਇਨ੍ਹਾਂ ਸਾਰੇ ਧਰਮ ਕਰਮਾਂ ਦਾ ਜ਼ਿਕਰ ਸੋਰਠ ਮਹਲਾ 5 ਘਰੁ 2 ਅਸਟਪਦੀਆਂ। ਸ਼ਬਦ ਦੀਆਂ ਛੇ ਤੁਕਾਂ ਵਿਚ ਹੈ। ਸ਼ਬਦ ਦੀ ਪਹਿਲੀ ਤੁਕ ਵਿਚ ਹੀ ਪੰਚਮ ਪਾਤਿਸ਼ਾਹ ਜੀ ਦਾ ਫੁਰਮਾਨ ਹੈ, ਕਿ ਮੈਂ ਅਜਿਹੇ ਕਥਿਤ ਧਰਮ ਕਰਮਾਂ ਦੇ ਕਰਨ ਵਾਲੇ ਅਨੇਕ ਲੋਕ ਤਤਾ ਨੇੜਿਉਂ ਵੇਖੇ ਹਨ, ਕਿਸੇ ਪ੍ਰਕਾਰ ਦਾ ਲਾਭ ਹੋਣ ਦੇ ਥਾਂ ਅਜੇਹੇ ਹਠ-ਕਰਮੀਆਂ ਦੀ ਹਉਮੈ ਹੀ ਵਧੀ ਹੈ-ਅਧਿਕ ਅਹੰਬੁਧਿ ਬਾਧੋ। ਅਤੇ ਰਹਾਉ ਦੀ ਤੁਕ ਵਿਚ ਸਤਿਗੁਰਾਂ ਦਾ ਫੁਰਮਾਨ ਹੈ ਕਿ ਇਨਾਂ ਵਿਧੀਆਂ ਨਾਲ ਪ੍ਰਭੂ ਦਾ ਮਿਲਾਪ ਪ੍ਰਾਪਤ ਨਹੀਂ ਹੋ ਸਕਦਾ। ਕਥਿਤ ਧਰਮ ਕਰਮ ਕਰਨ ਦੀ ਖੋਚਲ ਵਿਚ ਪੈਣ ਦੇ ਥਾਂ, ਸਤਿਗੁਰਾਂ ਨੇ, ਖਰੇ ਖੋਟੇ ਦੀ ਪਛਾਣ ਕਰ ਸਕਣ ਵਾਲੀ ਬੁੱਧੀ ਦੀ ਬਖਸ਼ਸ਼ ਲਈ ਪ੍ਰਭੂ ਚਰਨਾਂ ਵਿਚ ਅਰਦਾਸ ਕਰਨ ਦਾ ਉਪਦੇਸ਼ ਦਿੱਤਾ-ਪਿਆਰੇ ਇਨ ਬਿਧਿ ਮਿਲਣੁ ਜਾਈ ਮੈ ਕੀਏ ਕਰਮ ਅਨੇਕਾ। ਹਾਰਿ ਪਰਿਉ ਸੁਆਮੀ ਕੋ ਦੁਆਰੇ ਦੀਜੈ ਬੁਧਿ ਬਿਬੇਕਾ। ਰਹਾਉ

ਪਰਮਾਤਮਾ ਨੂੰ ਜਾਂ ਸਤਿਗੁਰਾਂ ਨੂੰ ਪ੍ਰਸੰਨ ਕਰਕੇ ਕਿਸੇ ਕਾਮਨਾ ਦੀ ਪੂਰਤੀ ਦੀ ਆਸ਼ ਨਾਲ ਕੀਤਾ ਹਰ ਕਰਮ, ਬ੍ਰਾਹਮਣੀ ਅਰਥਾਂ ਵਾਲਾ ਕਰਮ ਕਾਂਡ ਹੈ। ਅਤੇ ਕਰਮ ਕਾਂਡ ਬਾਰੇ ਗੁਰੂ ਫੁਰਮਾਨ ਇਸ ਪ੍ਰਕਾਰ ਹੈ-ਕਰਮ ਕਾਂਡ ਬਹੁ ਕਰਹਿ ਅਚਾਰ। ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ। ਏਸੇ ਤਰਾਂ ਵਿਖਾਵੇ ਵਾਲੇ ਧਰਮ ਕਰਮ ਨੂੰ ਸਤਿਗੁਰਾਂ ਨੇ ਹੰਕਾਰ ਵਧਾਉਣ ਵਾਲਾ ਫਿਟਕਾਰ ਜੋਗ ਕਰਮ ਫੁਰਮਾਨ ਕੀਤਾ ਹੈ। ਮਾਲਾ ਫੜ ਕੇ ਅੱਖਾਂ ਬੰਦ ਕਰਕੇ ਤੀਰਥਾਂ ਤੇ ਸਮਾਧੀ ਲਾਈ ਬੈਠੇ ਨੂੰ, ਬਗੁਲ ਸਮਾਧੀਆ ਕਿਹਾ ਹੈ ਅਤੇ ਫਿਰ ਅਜੇਹੇ ਧਰਮ ਕਰਮੀਆਂ ਬਾਰੇ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ-

ਲਿਖਿ ਲਿਖਿ ਪੜਿਆ। ਤੋਤਾ ਕੜਿਆ। ਬਹੁ ਤੀਰਥ ਭਵਿਆ। ਤੋਤੇ ਲਵਿਆ। ਬਹੁ ਭੋਖ ਕੀਆ ਦੋਹੀ ਦੁਖੁ ਦੀਆ। ਸਹੁ ਵੇ ਜੀਆ ਅਪਣਾ ਕੀਆ। ਅੰਨੁ ਨ ਖਾਇਆ ਸਾਦੁ ਗਵਾਇਆ। ਬਹੁ ਦੁਖੁ ਪਾਇਆ ਦੂਜਾ ਭਾਇਆ। ਬਸਤ੍ਰ ਨ ਪਹਿਰੇ। ਅਹਿਨਿਸਿ ਕਰਹੇ। ਮੋਨਿ ਵਿਗੁਤਾ। ਕਿਉ ਜਾਗੇ ਗੁਰ ਬਿਨੁ ਸੁਤਾ। ਪਗ ਉਪੇਤਾਣਾ। ਅਪਣਾ ਕੀਆ ਕਮਾਣਾ। ਅਲੁ ਮਲੁ ਖਾਈ ਸਿਰਿ ਛਾਈ ਪਾਈ। ਮੁਰਖਿ ਅੰਧੋ ਪਤਿ ਗਵਾਈ। ਵਿਣੁ ਨਾਵੈ ਕਿਛੁ ਬਾਇ ਨ ਪਾਈ। ਰਹੇ ਬੇਬਾਣੀ ਮਤੀ ਮਸਾਣੀ। ਅੰਧੁ ਨ ਜਾਣੈ ਫਿਰਿ ਪਛੁਤਾਣੀ। ਸਤਿਗੁਰੁ ਭੇਟੇ ਸੋ ਸੁਖ ਪਾਏ। ਹਰਿ ਕਾ ਨਾਮੁ ਮੰਨਿ ਵਸਾਏ। ਨਾਨਕ ਨਦਰਿ ਕਰੇ ਸੋ ਪਾਏ। ਆਸ ਅੰਦੇਸੋ ਤੇ ਨਿਹਕੇਵਲੁ ਹਉਮੈ ਸਕਦਿ ਜਲਾਏ।

ਜੋ ਗੁਰੂ ਨਾਨਕ ਪਾਤਸ਼ਾਹ ਜੀ ਅਜੇਕੇ ਅੰਮ੍ਰਿਤਧਾਰੀਆਂ ਨੂੰ ਵੇਖਦੇ ਤਾਂ ਜਰੂਰ ਫੁਰਮਾਨ ਕਰਦੇ ਕਿ, ਜੋ ਖੰਡੇ ਬਾਟੇ ਦਾ ਅੰਮ੍ਰਿਤ ਵੀ ਇਸ ਵਿਸ਼ਵਾਸ ਨਾਲ ਛਕਿਆ ਜਾਂ ਛਕਾਇਆ ਜਾਂਦਾ ਹੈ ਕਿ ਇਸ ਦੇ ਛਕਣ ਮਾਤ੍ਰ ਨਾਲ ਹੀ ਵਾਹਿਗੁਰੂ ਪ੍ਰਸੰਨ ਹੋ ਕੇ ਮਨੁੱਖ ਦੇ ਜਨਮ ਮਰਨ ਦਾ ਕਸ਼ਟ ਕੱਟ ਦਿੰਦੇ ਹਨ, ਜਾਂ ਖੰਡੇ-ਬਾਟੇ ਦੀ ਪਾਹੂਲ ਛਕਣ ਵਾਲਾ ਪ੍ਰਾਣੀ ਜੇ ਇਹ ਸਮਝਦਾ ਹੈ ਕਿ ਉਹ ਸੰਸਾਰ ਦੇ ਬਾਕੀ ਮਨੁੱਖਾਂ ਨਾਲੋਂ ਸ੍ਰੇਸ਼ਟ ਬਣ ਗਿਆ ਹੈ, ਤਾਂ ਅਜੇਹਾ ਅੰਮ੍ਰਿਤ ਸੰਸਕਾਰ ਦੀ ਦੁਖਦਾਈ ਕਿਸਮ ਦਾ ਕਰਮ ਕਾਂਡ ਹੀ ਬਣ ਕੇ ਰਹਿ ਜਾਂਦਾ ਹੈ। ਅੰਮ੍ਰਿਤ ਪਾਨ ਕਰਨਾ ਹਰ ਗੁਰ ਸਿੱਖ ਵਾਸਤੇ ਇਸ ਲਈ ਜ਼ਰੂਰੀ ਹੈ ਕਿ ਇਸ ਦੁਆਰਾ ਉਸ ਨੇ ਗੁਰਮਤਿ ਦੀ ਸ਼ਖਸ਼ੀ ਰਹਿਣੀ ਵਿਚ ਸੁਆਸ ਸੁਆਸ ਪੱਕਾ ਰਹਿਣ ਦਾ ਪਰਣ ਕਰਕੇ ਪੰਜ ਕਕਾਰਾਂ ਵਾਲੀ ਸੂਰਤ ਅਤੇ ਗੁਰਮਤਿ ਅਨੁਸਾਰ ਜੀਊਣ ਦੇ ਆਚਾਰ ਵਾਲੀ ਮੁਹਤਿ ਸਾਂਭੀ ਰੱਖਣ ਵਿਚ ਪਰਪੱਕ ਰਹਿਣ ਦੇ ਬਚਨ ਦੁਆਰਾ ਸ੍ਰੀ ਦਸਮੇਸ਼ ਜੀ ਦੇ ਹੁਕਮ ਦੀ ਪਾਲਣਾ ਕਰਨੀ ਹੁੰਦੀ ਹੈ। ਗੁਰਸਿੱਖ ਲਈ ਸ਼ਖਸ਼ੀ ਰਹਿਣੀ ਉਹ ਹੈ ਜੋ ਸਤਿਗੁਰਾਂ ਨੇ 200 ਸਾਲ ਤੋਂ ਵੱਧ ਸਮਾਂ ਲਾ ਕੇ ਸਿਖਾਈ ਸੀ। ਅੰਮ੍ਰਿਤਧਾਰੀ ਨੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਅਨੁਸਾਰ ਜੀਵਨੀ ਜੀਊਣ ਦਾ ਪ੍ਰਣ ਕਰਨਾ ਹੁੰਦਾ ਹੈ। ਨੋਟ: ਗੁਰੂ ਵਾਲਾ ਬਣਨ ਲਈ ਵਿਖਾਵੇ ਵਾਲੇ ਕਿਸੇ ਵਿਧੀ ਵਿਧਾਨ ਦੀ ਗੱਲ ਕਰਨੀ, ਜਾਂ ਸੋਚਣੀ ਗੁਰਮਤਿ ਨਹੀਂ ਹੈ। ਪਹਿਲਾਂ 'ਮਨ' ਗੁਰੂ ਵਾਲਾ ਬ

APM EXCAVATING LTD.



WE DO:

- DRAIN TILE
- BACK FILLING
- EXCAVATING
- DITCH CLEANING
- CLEANING
- DEMOLITION
- SEWER & WATER
- DUMP TRUCKS

24 HR. SERVICE

SPECIAL RATES FOR CONTRACTORS

$60/HR. FOR EXCAVATING

$45/HR. FOR TRUCKING

SPECIAL PACKAGE DEAL
• Excavation
• Foundation • Framing
VERY REASONABLE PRICE



ਸਪੈਸ਼ਲ ਪੈਕੇਜ ਡੀਲ
* ਖੁਦਾਈ ਪੁਟਾਈ * ਨੀਂਹਾਂ
* ਫਰੇਮਿੰਗ
ਬਹੁਤ ਵਾਜਿਬ ਕੀਮਤ

CALL KULDIP DHILLON
PH: 864-0686 • CEL. 807-1626
PGR. 504-1156 • FAX 864-2816

MJM FURNITURE

32009 SOUTH FRASER WAY, ABBOTSORD • PHONE 864-8148

NEW SHIPMENT OF ITALIAN SOFAS JUST ARRIVED!! VERY SPECIAL PRICES !! MANY COLOURS TO MATCH YOUR LIVING ROOM

WHEN YOU BUY ANY 2 PC. MATTRESS SET, YOU RECEIVE FREE!
MATTRESS PAD FREE
SET OF SHEETS FREE
SET OF PILLOWS FREE

2 PC. QUEEN SET $398
2 PC. DOUBLE SET $348
2 PC SINGLE SET $328

30% to 70%

FREE GIFT WITH THE PURCHASE OVER $500



$1998
Italian Bedroom Suite

$358
7 Pc. Kitchen Set



$1698
Sofa/Loveseat/Chair

SOFA $248
LOVESEAT $198
QUEEN SIZE DRAWER BED $248

JAG JASWAL

MJM FURNITURE
32009 S. Fraser Way
Abbotsford • 864-8148

• VISA • MASTERCARD • AMERICAN EXPRESS • INTERAC •

ਮਾਹਰ ਪੰਜਾਬੀ ਭਰਾਵਾਂ ਦਾ ਸਟੋਰ ਹੈ

HOURS:
Mon. - Weds 10 am - 6pm
Thurs. - Fri. 10 am - 9 pm
Saturday 10 am - 6 pm
Sunday 12 pm - 5 pm

3rd ANNUAL HERAR CLASSIC TENNIS TOURNAMENT

Centennial Park Tennis Courts
Mission, B.C. August 18th to 23rd 1998
Singles: $22.00 Doubles: $20.00

1. Players will be responsible for finding out their own playing times and are expected to play when scheduled. A 15 minute default may be enforced.
2. Players must be available for play from 5:00 pm on weekdays and 9:00 am on the weekend. Juniors may start earlier during weekdays.
3. Fees may be paid by mailing your entry and cheque to:
   Herar Classic Tennis Tournament
   33661 Cherry Avenue
   Mission, B.C. V2V 2V7
   Or by phoning Ken @ 556-4369
4. REGISTRATION DEADLINE IS SATURDAY AUGUST 15, 1998 @ 12.00 NOON
5. The tournament committee reserves the right to cancel an event if there are insufficient entries.
6. Draw will be posted Monday August 17, 1998 @ 6.00 pm at the Centennial Park Tennis Courts or phone Ken @ 556-4369
7. THE TOURNAMENT COMMITTEE AND THE DISTRICT OF MISSION IS NOT RESPONSIBLE FOR ANY INJURIES THAT MAY OCCUR DURING THE TENNIS TOURNAMENT.

MAIL TO: HERAR CLASSIC TENNIS TOURNAMENT,
33661 CHERRY AVENUE, MISSION, B.C. V2V 2V7

NAME: .....
PHONE: .....

DOUBLES PARTNER: .....
PHONE: .....

MENS EVENTS WOMENS EVENTS JUNIOR EVENTS JUNIOR EVENTS

SINGLES——SINGLES——BOYS UNDER 18——GIRLS UNDER 18——

DOUBLES——DOUBLES——BOYS UNDER 14——GIRLS UNDER 14——

OVER 50——OVER 50——BOYS UNDER 12——GIRLS UNDER 12——

MIXED DBLS——MIXED DBLS——BOYS DOUBLES——GIRLS DBLS——

TOTAL AMOUNT ENCLOSED: $ _____

NO ENTRY WILL BE ACCEPTED UNLESS PAYMENT IS MADE IN FULL

Entry forms can be picked up at all Tennis courts and sports stores in Abbotsford and Mission.

Advertise in
"Punjabi Patrika"
Central Fraser Valley Business Pages 1999
For more information call
(604)852-2288

ERNST & YOUNG

PROVIDING A FULL RANGE OF ACCOUNTING SERVICES

ਕੋਆਪਰੇਟ ਅਤੇ ਪਰਸਨਲ ਟੈਕਸ ਪਲੈਨਿੰਗ



ਅਕਾਊਂਟਿੰਗ ਅਤੇ ਔਡੀਟਿੰਗ

Joe Gill B.B.A., C.A.
CHARTERED ACCOUNTANT

- CORPORATE AND PERSONAL TAX PLANNING
- ACCOUNTING AND AUDITING

#301-2975 Gladwin Road
Abbotsford, B.C.
V2T 5T4

Phone: 859-5910
From Vancouver: 856-2573
Fax: 859-5922

A-New Look
AUTOBODY & PAINT LTD.
Unit 4B - 33733 King Road, Abbotsford, B.C. V2S 4N5
1-604-855-8996 or 230-8444
"We will meet or beat any written estimates."

YOUR ONE STOP AUTO BODY SHOP
CERTIFIED WEDGE CLAMP SYSTEM
COLLISION REPAIR FACILITY
ICBC CLAIMS COURTESY CARS

•••• SPECIAL SUMMER DISCOUNT ••••



ARUN RAM — AMARJIT SAMRA

ICBC CLAIMS *	* ਆਈ ਸੀ ਬੀ ਸੀ ਕਲੇਮ
Courtesy Cars *	* ਕਰਟਸੀ ਕਾਰਾਂ
Written Guarantee *	* ਲਿਖ਼ਤੀ ਗਰੰਟੀ
Auto Glass Replacement *	* ਕਾਰਾਂ ਦੇ ਸ਼ੀਸ਼ਿਆਂ ਦੀ ਬਦਲੀ
Complete Collision Repair Specialists *	* ਹਰ ਤਰਾਂ ਦੀਆਂ ਕਾਰਾਂ ਦੀ ਰੀਪੇਅਰ ਦੇ ਮਾਹਿਰ
Exact Colour Matching *	* ਰੰਗ ਦੀ ਪੂਰੀ ਤਰਾਂ ਮੈਚਿੰਗ
Base Coat Clear Coat *	* ਬੇਸ ਕੋਟ ਕਲੀਅਰ ਕੋਟ
Quality Repairs To All Makes & Models *	* ਹਰ ਤਰ੍ਹਾਂ ਦੀਆਂ ਕਾਰਾਂ ਦੀ ਤਸੱਲੀਬਖ਼ਸ਼ ਰੀਪੇਅਰ ਕੀਤੀ ਜਾਂਦੀ ਹੈ

KAKA TURNS BABA - HAPPY 50TH BIRTHDAY PAUL!

Best wishes from Amrit & Vijay Dass & family





Pictures from the Birthday Celebrations at the Dass residence on August 7, 1998.

Letters to the Editor
- ਸੰਪਾਦਕੀ ਡਾਕ -

ਗੁਰੂ ਪਿਆਰੀ ਸਾਧਿ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਜਿਵੇਂ ਕਿ ਆਪ ਸਾਰਿਆਂ ਨੂੰ ਪਤਾ ਹੀ ਹੈ ਕਿ ਮੋਡਰੈਟ ਸਿੱਖਾਂ ਵਲੋਂ ਐਗ ਰੈਕ ਸੈਂਟਰ ਵਿਚ 19 ਜੁਲਾਈ ਨੂੰ ਇਕ ਭਾਰੀ ਇਕਠ ਹੋਇਆ ਜੋ ਕਿ ਇਕ ਸ਼ਲਾਘਾਯੋਗ ਇਕਠ ਸੀ। ਇਸਦੇ ਪ੍ਰਬੰਧ ਕਰਤਾ ਵਧਾਈ ਦੇ ਪਾਤਰ ਹਨ। ਇਸ ਇਕਠ ਦਾ ਮੁਖ ਵਿਸ਼ਾ ਕੁਰਸੀਆਂ ਮੇਜ਼, ਤੇ ਉਹ ਡੈ ਵੀਰ ਜਿਨ੍ਹਾਂ ਨੂੰ ਤਨਖਾਹੀਆ ਕਿਹਾ ਗਿਆ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਇਆ ਹੁਕਮਨਾਮਾ ਸੀ (ਜਿਸ ਨੂੰ ਹੁਕਮਨਾਮਾ ਨਹੀਂ ਬਲਕਿ ਹੁਕਮ) ਕਿਹਾ ਜਾਵੇ ਤਾਂ ਜਿਆਦਾ ਠੀਕ ਰਹੇਗਾ। ਉਥੇ ਹਾਜ਼ਰ ਸਮੂਹ ਸਾਧਿ ਸੰਗਤ ਨੇ ਗੁਰੂ ਮਹਾਰਾਜ ਦਾ ਬਖਸ਼ਸ਼ ਕੀਤਾ ਹੋਇਆ ਜੈਕਾਰਾ 'ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ' ਦੇ ਨਾਲ ਇਸ ਇਕ ਪੱਖੀ ਹੁਕਮਨਾਮੇ ਦੀ ਵਿਰੋਧਤਾ ਕੀਤੀ।

ਕੁਝ ਹੀ ਦਿਨ ਪਹਿਲਾਂ ਇਕ ਹੁਕਮਨਾਮਾ ਹੋਰ ਜਾਰੀ ਹੋ ਗਿਆ ਹੈ ਜੋ ਆਪ ਸਭ ਨੇ ਸੁਣ ਹੀ ਲਿਆ ਹੋਵੇਗਾ। ਮੈਂ ਸਮੂਹ ਮਾਡਰੈਟ ਸਿੱਖਾਂ ਤੇ ਸੰਗਤਾਂ ਵਲੋਂ ਭਾਈ ਸਾਹਿਬ ਭਾਈ ਰਣਜੀਤ ਸਿੰਘ ਡਿਕਟੈਟਰ ਜਥੇਦਾਰ ਸਾਹਿਬ ਅਗੇ ਅਪੀਲ ਕਰਦੀ ਹਾਂ ਕਿ ਉਹ 6 ਵੀਰ ਜੋ ਕਿ ਬੇਕਸੂਰ ਹਨ ਉਨ੍ਹਾਂ ਦਾ ਕਸੂਰ ਇਹ ਹੈ ਕਿ ਉਹ ਸੰਗਤਾਂ ਨੂੰ ਮੰਨ ਰਹੇ ਹਨ। ਨਿਰਪੱਖ ਸੇਵਾ ਕਰ ਰਹੇ ਹਨ ਤੇ ਸੇਧ ਦੇ ਰਹੇ ਹਨ ਸਿਖ ਕੌਮ ਵਿਚੋਂ ਛੇਕ ਦਿਤਾ ਗਿਆ ਹੈ ਪਰ ਦੂਜੇ ਪਾਸੇ ਉਹ ਪ੍ਰਚਾਰਕ ਜੋ ਕਿ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ ਉਨ੍ਹਾਂ ਬਾਰੇ ਕੋਈ ਹੁਕਮਨਾਮਾ ਜਾਰੀ ਨਹੀਂ ਕਰਦੇ ਮਿਸਾਲ ਵਜੋਂ ਜਿਵੈਂ ਕਿ ਐਬਟਸਫੋਰਡ ਦੇ ਗੁਰੂ ਘਰ ਵਿਚ ਘਿਉ ਨ ਹੋਣ ਕਾਰਣ ਦੇਗ ਨਹੀਂ ਬਣ ਸਕੀ ਤੇ ਉਸ ਵਕਤ ਭਾਈ ਸਾਹਿਬ ਜੋ ਕਥਾ ਦੀ ਸੇਵਾ ਕਰ ਰਹੇ ਸਨ ਕਹਿਣ ਲਗੇ 'ਅੱਜ ਦੇਗ ਨਹੀਂ ਬਣ ਸਕੀ, ਲੰਗਰ ਮਮਤਾਨੇ ਹੋ ਰਹੇ ਹਨ ਫਿਰ ਸਾਧ ਸੰਗਤ ਜੀ ਨਿਸ਼ਾਨ ਸਾਹਿਬ ਵੀ ਲਾਹ ਦਿਉ ਨਿਸ਼ਾਨ ਸਾਹਿਬ ਵੀ ਨਹੀਂ ਹੋਣੇ ਚਾਹੀਦੇ'। ਮੇਰਾ ਖਿਆਲ ਹੈ ਸ਼ਾਇਦ ਉਹ ਪ੍ਰਚਾਰਕ ਇਹ ਨਹੀਂ ਜਾਣਦੇ ਕਿ ਕਰਨਾਟਕਾ ਤੇ ਮਹਾਰਾਸ਼ਟਰ ਵਿਚ ਸਿਰਫ 4 ਗੁਰੂਘਰਾਂ ਨੂੰ ਛੱਡਕੇ ਕਿਧਰੇ ਵੀ ਲੰਗਰ ਦੀ ਸੇਵਾ ਨਹੀਂ ਹੁੰਦੀ ਜਿਵੇਂ ਕਿ ਨਗੀਨਾ ਘਾਟ, ਸ਼ਿਕਾਰ ਘਾਟ ਆਦਿ। ਪਰ ਉਥੇ ਗੁਰੂ ਮਹਾਰਾਜ ਜੀ ਦਾ ਕੇਸਰੀ ਨਿਸ਼ਾਨ ਲਹਿਰਾ ਰਿਹਾ ਹੈ। ਸੁਲਤਾਨ ਪੁਰ ਲੋਧੀ ਵਿਚ ਕਈ ਗੁਰੂ ਘਰ ਹਨ ਜਿਥੇ ਕਿ ਲੰਗਰ ਦੀ ਸੇਵਾ ਨਹੀਂ ਹੁੰਦੀ ਪਰੰਤੂ ਨਿਸ਼ਾਨ ਸਾਹਿਬ ਹਨ। ਮੈਂ ਅਜਿਹੇ ਪ੍ਰਚਾਰਕਾਂ ਅਗੇ ਬੇਨਤੀ ਕਰਦੀ ਹਾਂ ਕਿ ਉਹ ਗਲਤ ਪ੍ਰਚਾਰ ਕਰਕੇ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਨਾ ਕਰਨ। ਤੇ ਨਾਲ ਹੀ ਭਾਈ ਸਾਹਿਬ ਰਣਜੀਤ ਸਿੰਘ ਨੂੰ ਬੇਨਤੀ ਕਰਦੀ ਹਾਂ ਕਿ ਅਜਿਹੇ ਪ੍ਰਚਾਰਕਾਂ ਨੂੰ ਸੇਧ ਦੇਣ।

ਇਕ ਹੋਰ ਬੇਨਤੀ ਕਰਦੀ ਹਾਂ ਜਿਵੇਂ ਕਿ ਆਪ ਸਾਰਿਆਂ ਨੇ ਨਵੀਂ ਨਿਕਲੀ ਆਡੀਉ ਟੇਪ ਸੁਣੀ ਹੀ ਹੋਵੇਗੀ ਕਿ ਕਿਵੇਂ ਗੁਰੂ ਘਰਾਂ ਵਿਚ ਇਸ਼ਕ ਮੱਟਕੇ ਚੱਲ ਰਹੇ ਹਨ, ਜਿਸ ਪਾਸੇ ਜਥੇਦਾਰ ਸਾਹਿਬ ਦਾ ਧਿਆਨ ਹੀ ਨਹੀਂ ਹੈ। ਮੈਂ ਭਾਈ ਸਾਹਿਬ ਭਾਈ ਰਣਜੀਤ ਸਿੰਘ ਅਗੇ ਬੇਨਤੀ ਕਰਦੀ ਹਾਂ ਕਿ ਕੀ ਉਨਾਂ ਨੂੰ ਅਜਿਹੀਆਂ ਘਿਣੌਣੀਆਂ ਗਲਾਂ ਬਾਰੇ ਚਾਨਣਾ ਨਹੀਂ ਪਾਇਆ ਜਾਂਦਾ ਜਾਂ ਕਿ ਉਨ੍ਹਾਂ ਕੋਲ ਅਜਿਹੇ ਭੇਖੀਆਂ ਲਈ ਕੋਈ ਹੁਕਮਨਾਮਾ ਜਾਰੀ ਕਰਨ ਦੀ ਜ਼ਰੂਰਤ ਨਹੀਂ ਹੈ। ਮੈਂ ਭਾਈ ਸਾਹਿਬ ਭਾਈ ਰਣਜੀਤ ਸਿੰਘ ਅਗੇ ਬੇਨਤੀ ਕਰਦੀ ਹਾਂ ਕਿ ਕੁਰਸੀਆਂ ਮੇਜ਼ ਹੋਣੇ (ਗੁਰੂ ਘਰਾਂ ਦੇ ਲੰਗਰ ਹਾਲ) ਤਾਂ ਅਜਿਹੀਆਂ ਘਿਣੌਣੀਆਂ ਕਰਤੂਤਾਂ ਨਾਲੋਂ ਕਈ ਦਰਜੇ ਚੰਗੇ ਹਨ ਹਾਂ ਜੇ ਗੁਰੂਘਰ ਬਾਬਾ ਜੀ ਦੀ ਹਜ਼ੂਰੀ ਵਿਚ ਨੰਗੇ ਸਿਰ ਜਾਈਏ ਤਾਂ ਗਲਤ ਹੈ। ਅਸੀਂ ਸਜਾ ਮੰਨਾਗੇ, ਜੇ ਜੁਤੀਆਂ ਪਾ ਕੇ ਜਾਈਏ ਹਰ ਸਜਾ ਮੰਨਣ ਲਈ ਤਿਆਰ ਹਾਂ ਪਰੰਤੂ ਲੰਗਰ ਹਾਲ ਜੋ ਕਿ ਪਹਿਲੀ ਮੰਜ਼ਲ ਤੇ ਹਨ ਤੇ ਗੁਰੂ ਮਹਾਰਾਜ ਜੀ ਦੂਜੀ ਮੰਜਲ ਤੇ ਪ੍ਰਕਾਸ਼ ਹਨ, ਵਿਚ ਕੁਰਸੀਆਂ ਮੇਜ਼ ਤੇ ਲੰਗਰ ਛਕਣ ਬਾਰੇ ਦਿਤੀ ਗਈ ਸਜਾ ਬਿਲਕੁਲ ਮੰਨਣ ਲਈ ਤਿਆਰਨ ਨਹੀਂ ਹਾਂ। ਮੈਂ ਵੀਰ ਤਾਰਾ ਸਿੰਘ ਜਿੰਨਾਂ ਨੂੰ ਕਿ ਵਿਸ਼ੇਸ਼ਤੌਰ ਤੇ ਦੰਡ ਸੁਣਾਇਆ ਗਿਆ ਹੈ ਮੈਂ ਸਮੂਹ ਸੰਗਤ ਵਲੋਂ ਬੇਨਤੀ ਕਰਦੀ ਹਾਂ ਵੀਰ ਜੀ ਤੁਸੀਂ ਇਸੇ ਤਰਾਂ ਹੀ ਜੁਝੇ ਰਹੋ ਕਿਸੇ ਤੋਂ ਡਰੋ ਨਹੀਂ ਆਪਣਾ ਹਰਮਨ ਪਿਆਰਾ ਪੇਪਰ ਇਸੇ ਤਰਾਂ ਹੀ ਚਾਲੂ ਰਖੋ, ਵਾਹਿਗੁਰੂ ਤੇ ਸੰਗਤਾਂ ਦਾ ਹੱਥ ਸਦਾ ਹੀ ਤੁਹਾਡੇ ਸਿਰ ਤੇ ਰਹੇਗਾ ਜੇ ਪਹਿਲੇ 10,000 ਪੇਪਰ ਛਾਪਦੇ ਸੀ ਤਾਂ ਹੁਣ 15,000 ਛਾਪੋ - ਜਪੁਜੀ ਸਾਹਿਬ ਦੀ ਇਹ ਪੰਗਤੀ ਆਦਿ ਸਚੁ ਜੁਗਾਦਿ ਸੱਚ ਹੈ, ਹੈ ਭੀ ਸਚਿ ਨਾਨਕ ਹੋਸੀ ਭੀ ਸਚਿ।

ਅੰਤ ਵਿਚ ਭਾਈ ਸਾਹਿਬ ਭਾਈ ਰਣਜੀਤ ਸਿੰਘ ਨੂੰ ਨਿਮਰਤਾ ਸਹਿਤ ਸੰਗਤਾਂ ਵਲੋਂ ਬੇਨਤੀ ਕਰਦੀ ਹਾਂ ਕਿ ਭੇਖੀ ਪ੍ਰਚਾਰਕ, ਇਸ਼ਕ ਮੱਟਕਾ ਕਰਨ ਵਾਲੇ ਗੁੰਸੀ ਤੇ ਉਹ ਵੀਰ ਜੋ ਸੰਗਤਾਂ ਨੂੰ ਗੁਮਰਾਹ ਤੇ ਕੌਮ ਨੂੰ ਤਬਾਹ ਕਰ ਰਹੇ ਹਨ ਸੋਚ ਵਿਚਾਰ ਕਰਨ ਤੇ ਆਪਣੀ ਉਚ ਪਦਵੀ ਦਾ ਸਤਿਕਾਰ ਕਰਨ।

ਸਤਿੰਦਰ ਕੌਰ

Death of Kamikar Hear

I am writing to you about the death of Kamikar Singh Hear Surrey truck driver.
As a human being, a young person's death always hurts me-weather its Tanya Smith's murder in Abbotsford or a Kamikar Hear from Surrey. Sir! Have you ever seen a guy screaming with excruciating pain and the hospital staff calls the police to stop him? Kamikar Hear died in R.C.M.P. custody on Wednesday after being whisked off from the Surrey Memorial Hospital.

I am really disappointed with the performances of the Surrey Hospital Staff and the R.C.M.P. The doctors on duty did not check Kamikar when he was crying out in agony with chest pains. Instead the Police arrested him and threw him in jail where he died shortly. Why was he arrested-because the police said he was drunk in a public place. What a strange allegation! Can somebody drink alcohol on the hospital bed?

These questions need to be answered. I feel that a proper investigation should take place into the death of Kamikar Singh Hear. Who are at fault? The Surrey police or the Surrey Memorial Hospital doctors and nurses on duty or both? The guilty should be responsible for this death because if no action is taken the same could happen to another person at any time.

Taranjit Singh Purewal

ਮਾਡਰੱਾਇਟ ਸਿੱਖ

ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ,
ਕਾਮਰੇਡਾਂ ਨਿਰੰਕਾਰੀਆਂ ਆਦਿ ਮਿਲ ਅਸੀਂ ਯਾਰੀ ਪਾਈ
ਵਿਚ ਬੀ.ਸੀ. ਅਸੀਂ ਮਾਡਰੱਇਟ ਸਿੱਖ ਸੱਭਾ ਬਣਾਈ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ
ਪਹਿਲਾਂ ਟੱਟੀ ਤੋਂ ਬਾਦ ਵਰਤਦੇ ਸੀ ਪਾਨੀ ਦਾ ਕੱਪ
ਪੂੰਝ ਲੈਂਦੇ ਹਾਂ ਹੁਨ ਨਾਲ ਪੇਪਰ ਕਲੀਨ ਅੱਪ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ
ਅਕਾਲ ਤੱਖਤ ਇਟਾਂ ਚੁਨੇ ਦਾ ਇਕ ਥੜੱਾ
ਵਿਚ ਨਿਗਾਹ ਸਾਡੀ ਉਹੁ ਹੈ ਨਹੀ ਬੱੜਾ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿਖੱ
ਲੰਗਰ ਹਾਲਾਂ ਵਿਚ ਡਬਲ ਕੁਰਸੀਆਂ ਤੇ ਬੈਠਾਂਗੇ
ਸਨਮੁੱਖ ਗ੍ਰੰਥ ਵੀ ਕੁਰਸੀਆਂ ਤੇ ਸਜਾਂਗੇ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ
ਜੋੜੇ ਲਾਇਆ ਕਏਦੇ ਸੀ ਪਹਿਲਾਂ ਵਿਚ ਉਤਾਲੇ ਰੂਮਾਂ
ਹੁਨ ਬੂਟਾ ਸਮੇਤ ਗ੍ਰੰਥ ਦੀ ਕਰਿਆਂ ਕਰਾਂਗੇ ਪ੍ਰਕਰਮਾਂ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ
ਅੰਣ ਜਾਣੇ ਵਿਚ ਕੋਈ ਸਮੇਤ ਸ਼ੂਆਂ ਸਾਡੇ ਘਰ ਆ ਘੁੱਸੇ
ਦਿਲ ਹੀ ਦਿਲ ਵਿਚ ਹੁੰਦੇ ਹਾਂ ਅਸੀਂ ਉਸਤੇ ਬਹੁਤ ਗੁਸੇ
ਹਾਂ ਜੀ ਹੁਨ ਅਸੀ ਬਣੇ ਗਏ ਹਾਂ ਮਾਡਰੱਇਟ ਸਿੱਖ
ਹਾਂ ਜੀ ਹੁਨ ਅਸੀਂ ਹੋ ਗਏ ਹਾਂ ਮਾਡਰੱਇਟ ਸਿੱਖ

ਜਥੇਦਾਰ ਰੂਪ ਸਿੰਘ ਗੁੜ੍ਹੀ ਸੰਘਰ
ਐਬਟਸਫੋਰਡ (ਬ੍ਰਾਡ)

PUNJABI PATRIKA
BUSINESS
DIRECTORY

ਪੰਜਾਬੀ ਪਤ੍ਰਿੱਕਾ
Punjabi Patrika

ANNOUNCING

CALL FOR YOUR
FREE
BUSINESS
LISTING

ਖੁਸ਼ਖਬਰੀ !

ਸੈਂਟਰਲ ਫਰੇਜ਼ਰ ਵੈਲੀ ਦੇ ਇਲਾਕੇ:
ਐਲਡਰਗ੍ਰੋਵ, ਐਬਟਸਫੋਰਡ,
ਚਿਲਾਵੈਕ, ਮਿਸ਼ਨ, ਪਿਟ ਮੈਡੋਜ਼,
ਮੇਪਲ ਰਿੱਜ ਆਦਿ ਵਾਸਤੇ
ਆਪਣੇ ਬਿਜ਼ਨਸ ਦੀ
ਫਰੀ! ਫਰੀ!
ਲਿਸਟਿੰਗ ਵਾਸਤੇ ਅੱਜ ਹੀ ਫੋਨ ਕਰੋ:

Phone (604) 852-2288
or Fax (604) 852-1878

SHOULDN'T YOU HAVE THESE RETURNS IN YOUR RRSP?

1 YEAR	3 YEAR	5 YEAR
18.6%	20.1%	17.9%

Average annual compound return for the AGF International Value Fund

WE'VE PICKED A PACK OF PERFORMERS

Choosing from more than 1400 mutual funds available can be one of the most difficult RRSP investment decisions you'll make. The quarterly report Blue Chip Fund Focus, offering comprehensive analysis of the top funds, was created by the Blue Chip Thinkers at Midland Walwyn to help make your decisions easier.

JESSIE SIDHU
Associate Financial Advisor

For professional advice or a free copy of the Blue Chip Fund Focus, call
(604) 857-1535
1-800-853-2853

RON WALKER
Financial Advisor

MIDLAND WALWYN
BLUE CHIP THINKING™
Has paid a portion of the cost for this advertisement

AGF

